# ਮੁੱਖਬੰਧ

ਸਿੱਖ ਧਰਮ ਇੱਕ ਵਿਲੱਖਣ ਧਰਮ ਹੈ, ਜਿਸ ਵਿੱਚ ਗੁਰੂ ਸਾਹਿਬਾਨਾਂ ਨੇ “ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ” ਦਾ ਸਿਧਾਂਤ ਦਿੱਤਾ ਅਤੇ ਊਚ ਨੀਚ, ਜਾਤ ਪਾਤ ਦੇ ਭੇਦ ਭਾਵ ਤੋਂ ਮੁਕਤ ਕੀਤਾ। ਪਰ ਅਸੀਂ ਆਪਣੇ ਗੁਰੂ ਸਾਹਿਬਾਨਾਂ ਦੇ ਦੱਸੇ ਮਾਰਗ ਤੋਂ ਹਟ ਕੇ ਆਪਣੇ ਮਨ ਦੀ ਮੱਤ ਨਾਲ ਚਲਣਾ ਅਰੰਭ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਸਮਾਜ ਵਿੱਚ ਬੁਰਾਈਆਂ ਦਾ ਦੌਰ ਅਰੰਭ ਹੋਇਆ।

ਇਸੇ ਦਰਦ ਨੂੰ ਮਹਿਸੂਸ ਕਰਦੇ ਹੋਏ ਕੁਝ ਉੱਦਮੀ ਵੀਰਾਂ ਨੇ ੧੯੯੫ ਈ ਵਿੱਚ ਬੱਚਿਆਂ ਨੂੰ ਧਾਰਮਿਕ ਵਿੱਦਿਆ ਦੇਣ ਦਾ ਕਾਰਜ ਅਰੰਭਿਆ ਕਿਉਂਕਿ ਬੱਚੇ ਕਿਸੇ ਵੀ ਕੌਮ ਦਾ ਭਵਿੱਖ ਹੁੰਦੇ ਹਨ। ਇਹਨਾਂ ਬੱਚਿਆਂ ਦੇ ਮਨਾਂ ਵਿੱਚ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਕੀਤੇ ਸਿੱਖ ਜੀਵਨ ਜਾਚ ਦੇ ਗੁਣ ਸੱਚ, ਦਇਆ, ਖਿੱਮਾ, ਨਿਮਰਤਾ, ਨਿੱਡਰਤਾ, ਸੇਵਾ, ਸਮਦਿਰਸਟੀ, ਉੱਚਾ ਆਚਰਣ, ਸ਼ਾਂਤੀ, ਪਰਉਪਕਾਰ, ਨਿਰਵੈਰਤਾ, ਵੰਡ ਛਕਣਾ ਅਤੇ ਹੋਰ ਰੱਬੀ ਭਰਨੇ ਜਰੂਰੀ ਹਨ ਤਾਂ ਜੋ ਸਾਡੇ ਸਮਾਜ ਵਿੱਚੋਂ ਹਰ ਤਰਾਂ ਦੀ ਬੁਰਾਈ ਦਾ ਅੰਤ ਹੋ ਸਕੇ।

ਇਹ ਵਿਦਿਆ ਦੇਣ ਲਈ ਪਹਿਲੀ ਤੋਂ ਬਾਰਵੀਂ ਤੱਕ ਦੀਆਂ ਕਲਾਸਾਂ ਵਾਸਤੇ ਵੱਖੋਂ ਵਖਰੀਆਂ ਕਿਤਾਬਾਂ ਤਿਆਰ ਕਰਵਾਈਆਂ ਹਨ ਜਿਨਾਂ ਵਿੱਚ ਗੁਰਬਾਣੀ, ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦਾ ਇਤਿਹਾਸ ਅਤੇ ਸਿੱਖ ਜੀਵਨ ਜਾਚ ਦੀ ਜਾਣਕਾਰੀ ਦਿੱਤੀ ਗਈ ਹੈ। ਆਸ ਹੈ ਕਿ ਬੱਚੇ ਧਾਰਮਿਕ ਵਿਦਿਆ ਲੈ ਕੇ ਚੰਗੇ ਇਨਸਾਨ ਬਣਨਗੇ ਤੇ ਇਕ ਸੁਹਣਾ ਤੇ ਸੁਥਰਾ ਸਮਾਜ ਸਿਰਜਨ ਵਿੱਚ ਸਹਾਈ ਹੋਣਗੇ ਅਤੇ ਦੇਸ਼ ਤੇ ਕੌਮ ਦੀ ਸੇਵਾ ਕਰਨਗੇ।

ਕੁਝ ਵੀਰਾਂ ਤੇ ਸੰਸਥਾਵਾਂ ਨੇ ਸਾਡੇ ਇਸ ਉਪਰਾਲੇ ਵਿੱਚ ਸਾਡੀ ਭਰਪੂਰ ਮੱਦਦ ਕੀਤੀ ਹੈ। ਅਸੀਂ ਇਹਨਾਂ ਵੀਰਾਂ ਤੇ ਸੰਸਥਾਵਾਂ ਦੇ ਧੰਨਵਾਦੀ ਹਾਂ ਜਿਹਨਾਂ ਨੇ ਇਸ ਕਾਰਜ ਵਿੱਚ ਵੱਧ ਚੜ੍ਹ ਕੇ ਸਹਿਯੋਗ ਦਿੱਤਾ।


ਜੋਦੜੀ ਕਰਤਾ,<br>
ਸਤਿਨਾਮੁ ਸਰਬ ਕਲਿਆਣ ਟਰੱਸਟ (ਰਜ਼ਿ:)<br>
ਆਈ 204, ਦੂਜੀ ਮੰਜਿਲ, ਵਿਲੰਗਟਨ ਹਾਈਟਸ,<br>
ਟੀ ਡੀ ਆਈ ਸਿਟੀ, ਸੈਕਟਰ 117,<br>
ਸਾਹਿਬਜ਼ਾਦਾ ਅਜੀਤ ਸਿੰਘ ਨਗਰ। ਪਿਨ 140307<br>
ਫੋਨ : 91-160-4009868<br>
ਈ-ਮੇਲ :sskt39@rediffmail.com<br>
ਵੈਬਸਾਈਟ :satnamsarabkalyantrust.org


ਮਾਰਚ, 2024

## ਤਤਕਰਾ

# ਜਮਾਤ - ਦਸਵੀਂ

### (ਛਿਮਾਹੀ ਪਹਿਲੀ)


| | | |
|---|---|---|
| 1. | **ਇਤਿਹਾਸ** (ਸ੍ਰੀ ਗੁਰੂ ਹਰਿਕ੍ਰਿਸ਼ਨ ਜੀ) | 1 |
| 2. | **ਗੁਰਬਾਣੀ** (ਜਪੁਜੀ ਸਾਹਿਬ) | 4 |
| 3. | **ਗੁਰਬਾਣੀ** (ਚੌਪਈ ਸਾਹਿਬ) | 7 |
| 4. | **ਗੁਰਬਾਣੀ** (ਅਨੰਦ ਸਾਹਿਬ) | 8 |
| 5. | **ਸ਼ਬਦ** (ਦਰਸਨ ਦੇਖਿ) | 9 |
| 6. | **ਪੰਗਤੀਆਂ** | 10 |
| 7. | **ਇਤਿਹਾਸ** (ਸ੍ਰੀ ਗੁਰੂ ਤੇਗ ਬਹਾਦਰ ਜੀ) | 11 |
| 8. | **ਕੁੱਝ ਆਮ ਪ੍ਰਸ਼ਨ** | 18 |


### (ਛਿਮਾਹੀ ਦੂਜੀ)


| | | |
|---|---|---|
| 1. | **ਇਤਿਹਾਸ** (ਸ੍ਰੀ ਗੁਰੂ ਗੋਬਿੰਦ ਸਿੰਘ ਜੀ) | 19 |
| 2. | **ਗੁਰਬਾਣੀ** (ਜਪੁਜੀ ਸਾਹਿਬ) | 32 |
| 3. | **ਗੁਰਬਾਣੀ** (ਚੌਪਈ ਸਾਹਿਬ) | 36 |
| 4. | **ਗੁਰਬਾਣੀ** (ਅਨੰਦ ਸਾਹਿਬ) | 38 |
| 5. | **ਸ਼ਬਦ** (ਤੂੰ ਜੀਵਨ) | 39 |
| 6. | **ਪੰਗਤੀਆਂ** | 40 |
| 7. | **ਇਤਿਹਾਸ** (ਸ਼ਹੀਦ ਬਾਬਾ ਦੀਪ ਸਿੰਘ ਜੀ) | 41 |
| 8. | **ਕੁੱਝ ਆਮ ਪ੍ਰਸ਼ਨ** | 43 |

# ਜਮਾਤ – ਦਸਵੀਂ

## (ਛਿਮਾਹੀ–ਪਹਿਲੀ, ਅਪ੍ਰੈਲ ਤੋਂ ਸਤੰਬਰ)

# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਸਨ। ਆਪ ਜੀ ਦਾ ਜਨਮ 7 ਜੁਲਾਈ 1656 ਈ: ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ । ਗੁਰੂ ਹਰਿਰਾਇ ਜੀ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਆਪ ਜੀ ਦੇ ਮਾਤਾ ਪਿਤਾ ਸਨ।

**ਗੁਰਿਆਈ**:–ਅਕਤੂਬਰ 1661 ਈ: ਵਿੱਚ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਨਸ਼ੀਨ ਹੋਏ। ਇਸ ਵੇਲ਼ੇ ਆਪ ਜੀ ਦੀ ਉਮਰ 5 ਸਾਲ 3 ਮਹੀਨੇ ਸੀ।

**ਬਾਬਾ ਰਾਮਰਾਇ ਦੀ ਈਰਖਾ**:– ਸੱਤਵੇਂ ਪਾਤਸ਼ਾਹ ਦੇ ਵੱਡੇ ਪੁੱਤਰ ਬਾਬਾ ਰਾਮਰਾਇ ਨੇ ਮੁਗਲ ਰਾਜੇ ਨੂੰ ਖੁਸ਼ ਕਰਨ ਖਾਤਰ ਗੁਰਬਾਣੀ ਦੀ ਪੰਗਤੀ ਬਦਲ ਦਿੱਤੀ ਸੀ। ਇਸ ਕਰਕੇ ਗੁਰੂ ਹਰਿਰਾਇ ਜੀ ਨੇ ਉਸਨੂੰ ਤਿਆਗ ਦਿੱਤਾ ਸੀ । ਬਾਬਾ ਰਾਮਰਾਇ ਗੁਰੂ ਹਰਿਕ੍ਰਿਸ਼ਨ ਜੀ ਨਾਲੋਂ ਉਮਰ ’ਚ ਵੱਡਾ ਹੋਣ ਕਰਕੇ ਗੁਰਗੱਦੀ ’ਤੇ ਆਪਣਾ ਹੱਕ ਸਮਝਦਾ ਸੀ। ਪੰਥ ਵਿਰੋਧੀਆਂ ਦੀ ਚੁੱਕ ’ਚ ਆ ਕੇ ਉਹ ਸ਼ਿਕਾਇਤ ਲੈ ਕੇ ਔਰੰਗਜ਼ੇਬ ਕੋਲ਼ ਫਰਿਆਦੀ ਹੋਇਆ। ਮਿਰਜ਼ਾ ਰਾਜਾ ਜੈ ਸਿੰਘ ਗੁਰੂ ਹਰਿਕ੍ਰਿਸ਼ਨ ਜੀ ਦਾ ਸ਼ਰਧਾਲੂ ਸੀ। ਔਰੰਗਜ਼ੇਬ ਨੇ ਰਾਜਾ ਜੈ ਸਿੰਘ ਦੇ ਰਾਹੀਂ ਗੁਰੂ ਜੀ ਨੂੰ ਦਿੱਲੀ ਸੱਦਿਆ। ਰਾਜੇ ਦਾ ਦੀਵਾਨ ਪਰਸਰਾਮ ਸੁਨੇਹਾ ਲੈ ਕੇ ਕੀਰਤਪੁਰ ਆਇਆ ।

**ਗੁਰੂ ਜੀ ਦਾ ਦਿੱਲੀ ਪਹੁੰਚਣਾ**:– ਰਾਜਾ ਜੈ ਸਿੰਘ ਦੀ ਬੇਨਤੀ ’ਤੇ ਬੇਅੰਤ ਸਿੱਖ ਸੰਗਤਾਂ ਨਾਲ਼ ਗੁਰੂ ਜੀ ਦਿੱਲੀ ਵੱਲ ਚੱਲ ਪਏ । ਅੰਬਾਲੇ ਪਹੁੰਚ ਕੇ ਬਾਕੀ ਸਿੱਖ ਸੰਗਤਾਂ ਨੂੰ ਗੁਰੂ ਜੀ ਨੇ ਵਾਪਸ ਮੋੜ ਦਿੱਤਾ। ਸਤਿਗੁਰੂ ਜੀ ਸੰਗਤਾਂ ਨੂੰ ਉਪਦੇਸ਼ ਕਰਦੇ ਜਾ ਰਹੇ ਸਨ । ਦਿੱਲੀ ਜਾਂਦਿਆਂ ਅੰਬਾਲੇ ਨੇੜੇ ਪੰਜੋਖਰਾ ਪਿੰਡ ਵਿੱਚ ਪੰਡਤ ਲਾਲ ਚੰਦ ਦਾ ਹੰਕਾਰ ਤੋੜਿਆ । ਪੰਡਤ ਦੇ ਸਾਹਮਣੇ ਗੁਰੂ ਜੀ ਨੇ ਇੱਕ ਗੂੰਗੇ ਬੰਦੇ ਤੋਂ ਗੀਤਾ ਦੇ ਅਰਥ ਕਰਾਏ। ਉਸ ਦਾ ਨਾਮ ਛੱਜੂ ਝੀਵਰ ਸੀ। ਦਿੱਲੀ ਵਿਖੇ ਰਾਜਾ ਜੈ ਸਿੰਘ ਨੇ ਗੁਰੂ ਜੀ ਦਾ ਟਿਕਾਣਾ ਆਪਣੇ ਬੰਗਲੇ ਵਿੱਚ ਕਰਵਾਇਆ। ਅੱਜ ਕੱਲ੍ਹ ਉੱਥੇ ਗੁਰਦੁਆਰਾ ਬੰਗਲਾ ਸਾਹਿਬ ਹੈ। ਰਾਜਾ ਜੈ ਸਿੰਘ ਦੀ ਰਾਣੀ ਨੇ ਗੁਰੂ ਜੀ ਦੇ ਆਤਮਿਕ ਬਲ ਦੀ ਪਰਖ਼ ਕਰਨੀ ਚਾਹੀ। ਰਾਣੀ ਨੇ ਕਈ ਅਮੀਰ ਔਰਤਾਂ ਨੂੰ ਆਪਣੇ ਬੰਗਲੇ ’ਚ ਬੁਲਾ ਲਿਆ । ਰਾਣੀ ਨੇ ਮਨ ’ਚ ਧਾਰਿਆ ਕਿ ਜੇ ਗੁਰੂ ਜੀ ਸਰਬੱਗ ਹਨ

ਤਾਂ ਮੇਰੀ ਗੋਦ 'ਚ ਬੈਠਣਗੇ। ਅੰਤਰਜਾਮੀ ਪਾਤਸ਼ਾਹ ਰਾਣੀ ਦੀ ਗੋਦ 'ਚ ਜਾ ਬੈਠੇ। ਇਸ ਤਰ੍ਹਾਂ ਰਾਣੀ ਵੀ ਗੁਰੂ ਜੀ ਦੀ ਸ਼ਰਧਾਲੂ ਬਣ ਗਈ ।

**ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ**:- ਔਰੰਗਜ਼ੇਬ ਦੇ ਅਹਿਲਕਾਰ ਅਤੇ ਸਹਿਜ਼ਾਦੇ ਗੁਰੂ ਜੀ ਨੂੰ ਮਿਲਣ ਆਏ। ਗੁਰੂ ਜੀ ਨੇ ਗੱਦੀ ਬਾਰੇ ਉਨ੍ਹਾਂ ਦੀ ਤਸੱਲੀ ਕਰਾਈ। ਗੁਰੂ ਜੀ ਨੇ ਉਨ੍ਹਾਂ ਨੂੰ ਧਾਰਮਿਕ ਉਪਦੇਸ਼ ਵੀ ਦਿੱਤਾ। ਇਸ ਤਰ੍ਹਾਂ ਬਾਬਾ ਰਾਮਰਾਇ ਦੀ ਅਰਜ਼ੀ ਖ਼ਾਰਜ ਹੋ ਗਈ । ਗੁਰੂ ਜੀ ਬਾਰੇ ਸੁਣ ਕੇ ਔਰੰਗਜ਼ੇਬ ਬੜਾ ਪ੍ਰਭਾਵਿਤ ਹੋਇਆ। ਉਸਨੇ ਗੁਰੂ ਜੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਹਰਿਕ੍ਰਿਸ਼ਨ ਜੀ ਨੇ ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ।

**ਦਿੱਲੀ ਵਿੱਚ ਬਿਮਾਰੀ ਦਾ ਫੈਲਣਾ**:- ਦਿੱਲੀ ਵਿੱਚ ਚੇਚਕ ਦੀ ਬਿਮਾਰੀ ਫੈਲ ਗਈ । ਇਹ ਛੂਤ ਦੀ ਬਿਮਾਰੀ ਹੈ। ਗੁਰੂ ਹਰਕ੍ਰਿਸ਼ਨ ਜੀ ਨੇ ਇਸ ਬਿਮਾਰੀ ਤੋਂ ਪੀੜਤ ਲੋਕਾਂ ਦੀ ਬਹੁਤ ਸਹਾਇਤਾ ਕੀਤੀ । ਦਸਵੰਧ ਦੀ ਮਾਇਆ ਨੂੰ ਬਿਮਾਰੀ ਦੇ ਇਲਾਜ ਲਈ ਵਰਤਿਆ ਗਿਆ। 'ਜਿਸ ਡਿਠੈ ਸਭ ਦੁਖ ਜਾਇ' ਦੇ ਮਹਾਂਵਾਕ ਅਨੁਸਾਰ ਆਪ ਜੀ ਦੇ ਦਰਸ਼ਨ ਕਰਨ ਨਾਲ ਵੀ ਪੀੜਤ ਲੋਕਾਂ ਦਾ ਭਲਾ ਹੋਇਆ ।

**ਜੋਤੀ ਜੋਤ ਸਮਾਉਣਾ**:- ਚੇਚਕ ਦੀ ਬਿਮਾਰੀ ਤੋਂ ਪੀੜਤ ਲੋਕਾਂ ਦੀ ਸੇਵਾ ਕਰਦਿਆਂ ਇੱਕ ਦਿਨ ਗੁਰੂ ਹਰਿਕ੍ਰਿਸ਼ਨ ਜੀ ਨੂੰ ਵੀ ਬੁਖ਼ਾਰ ਹੋ ਗਿਆ। ਆਪ ਜੀ ਦੇ ਸਰੀਰ 'ਤੇ ਵੀ ਚੇਚਕ ਦੇ ਲੱਛਣ ਦਿਸਣ ਲੱਗ ਪਏ। ਆਪਣੇ ਸਰੀਰ ਦਾ ਅੰਤਿਮ ਸਮਾਂ ਨੇੜੇ ਆਇਆ ਸਮਝ ਕੇ ਗੁਰੂ ਜੀ ਦਿੱਲੀ ਦੀ ਸੰਗਤ ਨੂੰ ਹੁਕਮ ਕੀਤਾ ਕਿ 'ਬਾਬਾ ਬਕਾਲੇ'। ਭਾਵ ਕਿ ਸਾਡੇ ਮਗਰੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਮਹਾਂਪੁਰਖ ਬਕਾਲੇ ਪਿੰਡ ਵਿੱਚ ਹੈ ਅਤੇ ਸਾਡਾ ਬਾਬਾ ਲੱਗਦਾ ਹੈ। ਇਸ ਪਿੱਛੋਂ ਆਪ 30 ਮਾਰਚ 1664 ਈ: ਨੂੰ ਪੌਣੇ ਅੱਠ ਸਾਲ ਦੀ ਉਮਰ ਵਿੱਚ ਦਿੱਲੀ ਵਿਖੇ ਹੀ ਜੋਤੀ ਜੋਤ ਸਮਾ ਗਏ। ਆਪ ਜੀ ਦੇ ਸਰੀਰ ਦਾ ਸਸਕਾਰ ਜਮੁਨਾ ਦਰਿਆ ਦੇ ਕੰਢੇ ਕੀਤਾ ਗਿਆ। ਇਸ ਥਾਂ 'ਤੇ ਅਜਕੱਲ ਗੁਰਦੁਆਰਾ 'ਬਾਲਾ ਸਾਹਿਬ' ਹੈ।

❖❖❖❖❖❖

**ਕੁੱਝ ਪ੍ਰਸ਼ਨ :-**

**ਪ੍ਰਸ਼ਨ 1.** ਸਭ ਤੋਂ ਛੋਟੀ ਉਮਰ ਦੇ ਗੁਰੂ ਜੀ ਕੌਣ ਸਨ ?

**ਉੱਤਰ:** ਗੁਰੂ ਹਰਿਕ੍ਰਿਸ਼ਨ ਜੀ ।

**ਪ੍ਰਸ਼ਨ 2.** ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
**ਉੱਤਰ:** 7 ਜੁਲਾਈ 1656 ਈ: ਨੂੰ ਕੀਰਤਪੁਰ ਸਾਹਿਬ ਵਿਖੇ।
**ਪ੍ਰਸ਼ਨ 3.** ਗੁਰੂ ਹਰਿਕ੍ਰਿਸ਼ਨ ਜੀ ਦੇ ਮਾਤਾ ਪਿਤਾ ਕੌਣ ਸਨ ?
**ਉੱਤਰ:** ਗੁਰੂ ਹਰਿਰਾਇ ਜੀ ਅਤੇ ਮਾਤਾ ਕ੍ਰਿਸ਼ਨ ਕੌਰ ਜੀ ।
**ਪ੍ਰਸ਼ਨ 4.** ਗੁਰਗੱਦੀ ਮਿਲਣ ਸਮੇਂ ਗੁਰੂ ਹਰਿਕ੍ਰਿਸ਼ਨ ਜੀ ਦੀ ਉਮਰ ਕਿੰਨੀ ਸੀ?
**ਉੱਤਰ:** ਪੰਜ ਸਾਲ ਤਿੰਨ ਮਹੀਨੇ ।
**ਪ੍ਰਸ਼ਨ 5.** ਗੁਰੂ ਹਰਿਕ੍ਰਿਸ਼ਨ ਜੀ ਨਾਲ ਈਰਖਾ ਕੌਣ ਕਰਦਾ ਸੀ ?
**ਉੱਤਰ:** ਬਾਬਾ ਰਾਮਰਾਇ ।
**ਪ੍ਰਸ਼ਨ 6.** ਕਿਸ ਰਾਜੇ ਦੀ ਬੇਨਤੀ 'ਤੇ ਗੁਰੂ ਜੀ ਦਿੱਲੀ ਗਏ ?
**ਉੱਤਰ:** ਰਾਜਾ ਜੈ ਸਿੰਘ ਦੀ ਬੇਨਤੀ 'ਤੇ ।
**ਪ੍ਰਸ਼ਨ 7.** ਪਰਸਰਾਮ ਕਿਸ ਰਾਜੇ ਦਾ ਦੀਵਾਨ ਸੀ ?
**ਉੱਤਰ:** ਰਾਜਾ ਜੈ ਸਿੰਘ ਦਾ ।
**ਪ੍ਰਸ਼ਨ 8.** ਗੁਰੂ ਜੀ ਨੇ ਕਿਸ ਸਥਾਨ 'ਤੇ ਕਿਸ ਪੰਡਤ ਦਾ ਹੰਕਾਰ ਤੋੜਿਆ ?
**ਉੱਤਰ:** ਪੰਜੋਖਰੇ ਵਿਖੇ ਪੰਡਤ ਲਾਲ ਚੰਦ ਦਾ।
**ਪ੍ਰਸ਼ਨ 9.** ਗੁਰੂ ਹਰਿਕ੍ਰਿਸ਼ਨ ਦੇ ਇਸ਼ਾਰੇ 'ਤੇ ਗੀਤਾ ਦੇ ਅਰਥ ਕਿਸਨੇ ਕੀਤੇ ?
**ਉੱਤਰ:** ਛੱਜੂ ਝੀਵਰ ਨੇ ।
**ਪ੍ਰਸ਼ਨ 10.** ਦਿੱਲੀ ਵਿਖੇ ਗੁਰੂ ਜੀ ਕਿੱਥੇ ਰਹੇ ?
**ਉੱਤਰ:** ਰਾਜਾ ਜੈ ਸਿੰਘ ਦੇ ਬੰਗਲੇ 'ਚ।
**ਪ੍ਰਸ਼ਨ 11.** ਬੰਗਲੇ ਦੇ ਸਥਾਨ 'ਤੇ ਅੱਜਕੱਲ੍ਹ ਕਿਹੜਾ ਗੁਰਦੁਆਰਾ ਹੈ ?
**ਉੱਤਰ:** ਗੁਰਦੁਆਰਾ ਬੰਗਲਾ ਸਾਹਿਬ ।
**ਪ੍ਰਸ਼ਨ 12.** ਦਿੱਲੀ ਵਿੱਚ ਕਿਹੜਾ ਮੁਗਲ ਰਾਜਾ ਆਪ ਜੀ ਨੂੰ ਮਿਲਣਾ ਚਾਹੁੰਦਾ ਸੀ?
**ਉੱਤਰ:** ਔਰੰਗਜ਼ੇਬ।
**ਪ੍ਰਸ਼ਨ 13.** ਕੀ ਗੁਰੂ ਜੀ ਔਰੰਗਜ਼ੇਬ ਨੂੰ ਮਿਲੇ ?
**ਉੱਤਰ:** ਜੀ ਨਹੀਂ ।
**ਪ੍ਰਸ਼ਨ 14.** ਦਿੱਲੀ ਵਿੱਚ ਉਸ ਸਮੇਂ ਕਿਹੜੀ ਬਿਮਾਰੀ ਫੈਲੀ ?
**ਉੱਤਰ:** ਚੇਚਕ ਦੀ ਬਿਮਾਰੀ ।
**ਪ੍ਰਸ਼ਨ 15.** ਜੋਤੀ ਜੋਤ ਸਮਾਉਣ ਲੱਗਿਆਂ ਗੁਰੂ ਹਰਿਕ੍ਰਿਸ਼ਨ ਜੀ ਨੇ ਸੰਗਤਾਂ ਨੂੰ ਕੀ ਹੁਕਮ ਕੀਤਾ ?
**ਉੱਤਰ:** 'ਬਾਬਾ ਬਕਾਲੇ'।

**ਪ੍ਰਸ਼ਨ 16.** ਗੁਰੂ ਹਰਿਕ੍ਰਿਸ਼ਨ ਜੀ ਕਦੋਂ ਅਤੇ ਕਿੱਥੇ ਜੋਤੀ ਜੋਤ ਸਮਾਏ ?

**ਉੱਤਰ:** 30 ਮਾਰਚ 1664 ਈ: ਨੂੰ ਦਿੱਲੀ ਵਿਖੇ ।

**ਪ੍ਰਸ਼ਨ 17.** ਗੁਰੂ ਹਰਿਕ੍ਰਿਸ਼ਨ ਜੀ ਦਾ ਸਸਕਾਰ ਕਿਸ ਨਦੀ ਦੇ ਕਿਨਾਰੇ 'ਤੇ ਕੀਤਾ ਗਿਆ ?

**ਉੱਤਰ:** ਜਮੁਨਾ ਨਦੀ ਦੇ ਕਿਨਾਰੇ 'ਤੇ।

**ਪ੍ਰਸ਼ਨ 18.** ਗੁਰਦੁਆਰਾ ਬਾਲਾ ਸਾਹਿਬ ਕਿੱਥੇ ਹੈ ?

**ਉੱਤਰ:** ਦਿੱਲੀ ਵਿਖੇ ।

❖❖❖❖❖❖

# ਗੁਰਬਾਣੀ (ਸੰਥਿਆ ਅਤੇ ਕੰਠ)

## (ਜਪੁਜੀ ਸਾਹਿਬ)

## ਏਕਾ ਮਾਈ ਜੁਗਤਿ ਵਿਆਈ
## ਤਿਨਿ ਚੇਲੇ ਪਰਵਾਣੁ ॥

**ਅਰਥ:**– ਲੋਕਾਂ ਵਿਚ ਇਹ ਖ਼ਿਆਲ ਆਮ ਪ੍ਰਚੱਲਤ ਹੈ ਕਿ ਇਕੱਲੀ ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਤੇ ਪਰਤੱਖ ਤੌਰ 'ਤੇ ਉਸ ਦੇ ਤਿੰਨ ਪੁੱਤਰ ਜੰਮ ਪਏ।

## ਇਕੁ ਸੰਸਾਰੀ ਇਕੁ ਭੰਡਾਰੀ
## ਇਕੁ ਲਾਏ ਦੀਬਾਣੁ ॥

**ਅਰਥ:**– ਉਹਨਾਂ ਵਿੱਚੋ ਇੱਕ (ਬ੍ਰਹਮਾ) ਘਰਬਾਰੀ ਬਣ ਗਿਆ, ਇੱਕ (ਵਿਸ਼ਨੂੰ) ਭੰਡਾਰੇ ਦਾ ਮਾਲਕ ਬਣ ਗਿਆ, ਅਤੇ ਇੱਕ (ਸ਼ਿਵ) ਕਚਹਿਰੀ ਲਾਉਂਦਾ ਹੈ (ਭਾਵ, ਜੀਵਾਂ ਨੂੰ ਸੰਘਾਰਦਾ ਹੈ) ।

## ਜਿਵ ਤਿਸੁ ਭਾਵੈ ਤਿਵੈ ਚਲਾਵੈ
## ਜਿਵ ਹੋਵੈ ਫੁਰਮਾਣੁ ॥

**ਅਰਥ:**– ਪਰ ਅਸਲ ਗੱਲ ਇਹ ਹੈ ਕਿ ਜਾਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ।

## ਓਹੁ ਵੇਖੈ ਓਨਾ ਨਦਰਿ ਨ ਆਵੈ
## ਬਹੁਤਾ ਏਹੁ ਵਿਡਾਣੁ ॥

**ਅਰਥ:**– ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲ ਪੁਰਖ ਸਭ ਜੀਵਾਂ ਨੂੰ ਵੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿੱਸਦਾ ॥੩੦॥

## ਆਦੇਸੁ ਤਿਸੈ ਆਦੇਸੁ ॥

**ਆਦਿ ਅਨੀਲੁ ਅਨਾਦਿ ਅਨਾਹਤਿ**

**ਜੁਗੁ ਜੁਗੁ ਏਕੋ ਵੇਸੁ ॥੩੦॥**

**ਅਰਥ**:- ਕੇਵਲ ਉਸ ਅਕਾਲ ਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ ਲੱਭ ਸਕਦਾ, ਜੋ ਨਾਸ਼-ਰਹਿਤ ਹੈ ਅਤੇ ਜੋ ਸਦਾ ਹੀ ਇੱਕੋ ਜਿਹਾ ਰਹਿੰਦਾ ਹੈ ॥੩੦॥

**ਆਸਣੁ ਲੋਇ ਲੋਇ ਭੰਡਾਰ॥**

**ਜੋ ਕਿਛੁ ਪਾਇਆ ਸੁ ਏਕਾ ਵਾਰ॥**

**ਅਰਥ**:- ਉਸਦਾ ਟਿਕਾਣਾ ਤੇ ਭੰਡਾਰਾ ਸਭਨਾਂ ਲੋਕਾਂ ਵਿੱਚ ਹੈ। ਉਸਨੇ ਭੰਡਾਰ ਵਿੱਚ ਇੱਕੋ ਵਾਰ ਹੀ ਸਭ ਕੁਝ ਪਾਇਆ ਹੈ।

**ਕਰਿ ਕਰਿ ਵੇਖੈ ਸਿਰਜਣਹਾਰੁ॥**

**ਨਾਨਕ ਸਚੇ ਕੀ ਸਾਚੀ ਕਾਰ॥**

**ਅਰਥ**:- ਉਹ ਕਰਤਾਰ ਕੌਤਕ ਕਰ ਕਰ ਕੇ ਦੇਖਦਾ ਹੈ। ਹੇ ਨਾਨਕ ! ਸੱਚੇ ਕਰਤਾਰ ਦਾ ਕੰਮ ਸੱਚਾ ਹੈ।

**ਆਦੇਸੁ ਤਿਸੈ ਆਦੇਸੁ ॥**

**ਆਦਿ ਅਨੀਲੁ ਅਨਾਦਿ ਅਨਾਹਤਿ**

**ਜੁਗੁ ਜੁਗੁ ਏਕੋ ਵੇਸੁ ॥੩੧॥**

**ਅਰਥ**:-ਉਸ ਰੱਬ ਨੂੰ ਨਮਸਕਾਰ ਹੈ, ਜੋ ਮੁੱਢ 'ਚ ਸੀ ਗਿਣਤੀ ਰਹਿਤ ਆਦਿ ਤੇ ਨਾਸ਼ ਤੋਂ ਰਹਿਤ ਹੈ, ਤੇ ਜਿਸਦਾ ਜੁੱਗਾਂ ਜੁੱਗਾਂ ਵਿੱਚ ਇੱਕੋ ਰੂਪ ਹੈ ।੩੧।

**ਇਕ ਦੂ ਜੀਭੌ ਲਖ ਹੋਹਿ**

**ਲਖ ਹੋਵਹਿ ਲਖ ਵੀਸ॥**

**ਅਰਥ**:-ਜੇ ਇਕ ਜ਼ਬਾਨ ਤੋਂ ਲੱਖਾਂ ਹੀ ਜ਼ੁਬਾਨਾਂ ਹੋ ਜਾਣ। ਉਹ ਲੱਖਾਂ ਵੇਰ ਵੀਹ ਵੀਹ ਲੱਖ ਹੋ ਜਾਣ।

**ਲਖੁ ਲਖੁ ਗੇੜਾ ਆਖੀਅਹਿ**

**ਏਕੁ ਨਾਮੁ ਜਗਦੀਸ ॥**

**ਅਰਥ**:-ਜੇ ਐਨੀਆਂ ਜੀਭਾਂ ਨਾਲ ਲੱਖ ਲੱਖ ਵਾਰੀ ਜਗਤ ਦੇ ਈਸ਼ਵਰ ਦਾ ਨਾਂ ਕਿਹਾ ਜਾਵੇ।

**ਏਤੁ ਰਾਹਿ ਪਤਿ ਪਵੜੀਆ**

**ਚੜੀਐ ਹੋਇ ਇਕੀਸ॥**

**ਅਰਥ**:- ਇਸ ਰਾਹ ਪੁਰ ਇੱਜ਼ਤ ਦੀਆਂ ਪੌੜੀਆਂ ਚੜ੍ਹ ਕੇ ਇੱਕ ਵਾਹਿਗੁਰੂ ਦਾ ਰੂਪ ਹੋ ਜਾਈਦਾ ਹੈ।

**ਸੁਣਿ ਗਲਾ ਆਕਾਸ ਕੀ**

**ਕੀਟਾ ਆਈ ਰੀਸ ॥**

**ਅਰਥ**:– ਅਕਾਸ਼ ਦੀਆਂ ਅਜਿਹੀਆਂ ਮਹਾਂ ਗੱਲਾਂ ਸੁਣ ਕੇ ਕੀੜਿਆਂ ਨੂੰ ਵੀ ਰੀਸ ਆ ਗਈ।

## ਨਾਨਕ ਨਦਰੀ ਪਾਈਐ
## ਕੂੜੀ ਕੂੜੈ ਠੀਸ ॥੩੨॥

**ਅਰਥ**:– ਹੇ ਨਾਨਕ ! ਮਿਹਰ ਨਾਲ ਹੀ ਉਹ ਪ੍ਰਾਪਤ ਹੁੰਦਾ ਹੈ। ਝੂਠਿਆਂ ਦੀ ਝੂਠੀ ਫੜ ਹੁੰਦੀ ਹੈ।੩੨।

## ਆਖਣਿ ਜੋਰੁ ਚੁਪੈ ਨਹ ਜੋਰੁ॥
## ਜੋਰੁ ਨ ਮੰਗਣਿ ਦੇਣਿ ਨ ਜੋਰੁ॥

**ਅਰਥ**:– ਜ਼ੋਰ ਨਾਲ ਉਸਨੂੰ ਨਾ ਕਿਹਾ, ਨਾ ਚੁਪ ਰਿਹਾ ਜਾ ਸਕਦਾ ਹੈ। ਨਾ ਜ਼ੋਰ ਨਾਲ ਮੰਗਿਆ, ਨਾ ਦਿੱਤਾ ਜਾ ਸਕਦਾ ਹੈ।

## ਜੋਰੁ ਨ ਜੀਵਣਿ ਮਰਣਿ ਨਹ ਜੋਰੁ॥
## ਜੋਰੁ ਨ ਰਾਜਿ ਮਾਲਿ ਮਨਿ ਸੋਰੁ॥

**ਅਰਥ**:– ਨਾ ਹੀ ਜ਼ੋਰ ਨਾਲ ਜੀਵਿਆ ਤੇ ਮਰਿਆ ਜਾ ਸਕਦਾ ਹੈ। ਰਾਜ ਮਾਲ ਤੇ ਮਨ ਦੇ ਰੌਲੇ ਵਿੱਚ ਭੀ ਜ਼ੋਰ ਨਹੀਂ ਹੈ।

## ਜੋਰੁ ਨ ਸੁਰਤੀ ਗਿਆਨਿ ਵੀਚਾਰਿ॥
## ਜੋਰੁ ਨ ਜੁਗਤੀ ਛੁਟੈ ਸੰਸਾਰੁ ॥

**ਅਰਥ**:– ਨਾ ਜ਼ੋਰ ਨਾਲ ਸੁਰਤੀ ਤੇ ਨਾ ਗਿਆਨ ਦਾ ਵਿਚਾਰ ਹੁੰਦਾ ਹੈ। ਜ਼ੋਰ ਨਾਲ ਕਿਸੇ ਜੁਗਤ ਅਨੁਸਾਰ ਸੰਸਾਰ ਨਹੀਂ ਛੁਟਦਾ ।

## ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
## ਨਾਨਕ ਉਤਮੁ ਨੀਚੁ ਨ ਕੋਇ ॥੩੩॥

**ਅਰਥ**:– ਜਿਸ ਦੇ ਹੱਥ ਜ਼ੋਰ ਹੈ ਉਹੋ ਕਰਕੇ ਵੇਖ ਰਿਹਾ ਹੈ ਹੇ ਨਾਨਕ ! ਚੰਗੇਰਾ ਜਾਂ ਨੀਚ ਕੋਈ ਵੀ ਨਹੀਂ ।੩੩।

## ਰਾਤੀ ਰੁਤੀ ਥਿਤੀ ਵਾਰ॥

**ਅਰਥ**:– ਰਾਤਾਂ, ਰੁੱਤਾਂ, ਥਿੱਤਾਂ ਤੇ ਵਾਰ

## ਪਵਣ ਪਾਣੀ ਅਗਨੀ ਪਾਤਾਲ॥
## ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

**ਅਰਥ**:– ਹਵਾ, ਪਾਣੀ ਅੱਗ ਤੇ ਪਤਾਲ ਬਣਾ ਕੇ ਉਸ ਰੱਬ ਨੇ ਇਨ੍ਹਾਂ ਵਿੱਚ ਇਹ ਧਰਤੀ ਇੱਕ ਧਰਮ ਕਮਾਉਣ ਦੀ ਥਾਂ ਕਾਇਮ ਕੀਤੀ ਹੈ।

## ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥

## ਤਿਨ ਕੇ ਨਾਮ ਅਨੇਕ ਅਨੰਤ॥

**ਅਰਥ**:- ਇਸ ਵਿੱਚ ਕਈਆਂ ਜੁਗਤਾਂ ਤੇ ਰੰਗਾਂ ਦੇ ਜੀਵ ਹਨ। ਉਨ੍ਹਾਂ ਦੇ ਅਨੇਕਾਂ ਤੇ ਬੇਅੰਤ ਨਾਂ ਹਨ।

## ਕਰਮੀ ਕਰਮੀ ਹੋਇ ਵੀਚਾਰੁ ॥

## ਸਚਾ ਆਪਿ ਸਚਾ ਦਰਬਾਰੁ ॥

**ਅਰਥ**:- ਸਭਨਾਂ ਦੇ ਕੀਤੇ ਕੰਮਾਂ ਅਨੁਸਾਰ ਵਿਚਾਰ ਹੁੰਦੀ ਹੈ। ਵਾਹਿਗੁਰੂ ਆਪ ਤੇ ਉਸਦਾ ਦਰਬਾਰ ਸੱਚਾ ਹੈ।

## ਤਿਥੈ ਸੋਹਨਿ ਪੰਚ ਪਰਵਾਣੁ ॥

## ਨਦਰੀ ਕਰਮਿ ਪਵੈ ਨੀਸਾਣੁ ॥

**ਅਰਥ**:-ਉਥੇ ਪਰਵਾਨ ਹੋਏ ਭਗਤ ਸੋਹਣੇ ਲੱਗਦੇ ਹਨ। ਰੱਬ ਦੀ ਮਿਹਰ ਤੇ ਬਖ਼ਸ਼ਿਸ਼ ਨਾਲ ਨਿਸ਼ਾਨ ਪ੍ਰਾਪਤ ਹੁੰਦਾ ਹੈ।

## ਕਚ ਪਕਾਈ ਓਥੈ ਪਾਇ॥

## ਨਾਨਕ ਗਇਆ ਜਾਪੈ ਜਾਇ ॥੩੪॥

**ਅਰਥ**:- ਕੱਚਿਆ ਤੇ ਪੱਕਿਆਂ ਦਾ ਉੱਥੇ ਪਤਾ ਲਗਦਾ ਹੈ। ਹੇ ਨਾਨਕ ! ਓਥੇ ਗਿਆਂ ਜਾਣਿਆਂ ਜਾ ਸਕਦਾ ਹੈ।੩੪।

❖❖❖❖❖❖

### ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪਾ:੧੦॥

# ਕਬਿਯੋਬਾਚ ਬੇਨਤੀ ॥ ਚੌਪਈ ॥

..................................................

## ਜੇ ਅਸਿਧੁਜ ਤਵ ਸਰਨੀ ਪਰੇ ॥

**ਅਰਥ**:- ਹੇ ਝੰਡੇ ਉੱਤੇ ਕ੍ਰਿਪਾਨ ਦੇ ਚਿੰਨ੍ਹ ਵਾਲੇ ਮਹਾਂ-ਕਾਲ ਜੀ। ਜਿਹੜੇ ਜੀਵ ਤੁਹਾਡੀ ਸ਼ਰਨੀ ਆ ਪਏ;

## ਤਿਨਕੇ ਦੁਸ਼ਟ ਦੁਖਿਤ ਹ੍ਵੈ ਮਰੇ ॥

**ਅਰਥ**: ਉਨ੍ਹਾਂ ਦੇ ਦੁਸ਼ਟ-ਦੋਖੀ ਹੋ ਕੇ (ਆਪਣੀ ਮੌਤੇ) ਮਰ ਗਏ ।

## ਪੁਰਖ ਜਵਨ ਪਗ ਪਰੇ ਤਿਹਾਰੇ ॥

**ਅਰਥ**: ਜਿਹੜੇ ਜੀਵ ਆਪ ਜੀ ਦੇ ਚਰਨੀਂ ਢਹਿ ਪਏ;

## ਤਿਨਕੇ ਤੁਮ ਸੰਕਟ ਸਭ ਟਾਰੇ ॥੨੧॥

**ਅਰਥ**: ਆਪ ਜੀ ਨੇ ਉਨ੍ਹਾਂ ਦੇ ਸਾਰੇ ਕਸ਼ਟ ਨਿਵਾਰ ਦਿੱਤੇ ॥੨੧॥

## ਜੋ ਕਲਿ ਕੋ ਇਕ ਬਾਰ ਧਿਐਹੈ ॥

**ਅਰਥ:** ਜਿਹੜਾ ਜੀਵ ਕਲਾ-ਧਾਰੀ ਅਕਾਲ ਪੁਰਖ ਨੂੰ ਇੱਕ ਵਾਰੀ ਵੀ (ਇੱਕ-ਚਿਤ ਹੋ ਕੇ) ਧਿਆਉਂਦਾ ਹੈ।

## ਤਾਕੇ   ਕਾਲ ਨਿਕਟਿ ਨਹਿ ਐਹੈ।

**ਅਰਥ**: ਕਾਲ ਉਸ ਦੇ ਨੇੜੇ ਫਟਕ ਨਹੀਂ ਸਕਦਾ ।

## ਰੱਛਾ ਹੋਇ ਤਾਹਿ   ਸਭ ਕਾਲਾ ॥

**ਅਰਥ**: ਉਸ ਦੀ ਸਰਬ-ਕਾਲ (ਹਮੇਸ਼ਾਂ) ਰੱਖਿਆ ਹੁੰਦੀ ਹੈ।

## ਦੁਸਟ ਅਰਿਸਟ ਟਰੈਂ ਤਤਕਾਲਾ ॥੨੨॥

**ਅਰਥ:** ਉਸ ਦੇ ਦੁਸ਼ਮਣ-ਦੋਖੀ ਅਤੇ ਕਲੇਸ਼ ਤੁਰੰਤ ਮਗਰੋਂ ਲਹਿ ਜਾਂਦੇ ਹਨ ॥੨੨॥

## ਕ੍ਰਿਪਾ ਦ੍ਰਿਸਟਿ   ਤਨ ਜਾਹਿ ਨਿਹਰਿਹੋ ॥

**ਅਰਥ:** ਹੇ ਪ੍ਰਭੂ ! ਮਿਹਰ ਦੀ ਨਜ਼ਰ ਨਾਲ ਆਪ ਜੀ ਜਿਸ ਜਿਸ (ਜੀਵ) ਵੱਲ ਵੇਖਦੇ ਹੋ,

## ਤਾਕੇ ਤਾਪ   ਤਨਕ ਮੋ ਹਰਿਹੋ ॥

**ਅਰਥ:** ਉਸ ਦੇ ਤਿੰਨੇ ਤਾਪ (ਆਧਿ, ਬਿਆਧਿ, ਉਪਾਧਿ) ਖਿਨ-ਮਾਤਰ ਵਿਚ ਦੂਰ ਕਰ ਦਿੰਦੇ ਹੋ।

## ਰਿੱਧਿ ਸਿੱਧਿ ਘਰ ਮੋ ਸਭ ਹੋਈ॥

**ਅਰਥ:** ਹਰ ਪ੍ਰਕਾਰ ਦੀ ਰਿੱਧੀ (ਹਰ ਪ੍ਰਕਾਸ ਦੀ ਬਖ਼ਸ਼ਸ਼) ਸੁਤੇ ਹੀ ਉਸ ਦੇ ਘਰ ਵਿੱਚ (ਆ ਪ੍ਰਵੇਸ਼ ) ਹੁੰਦੀ ਹੈ।

## ਦੁਸ਼ਟ   ਛਾਹ ਛ੍ਵੈ ਸਕੈ ਨ ਕੋਈ ॥੨੩॥

**ਅਰਥ:** ਕੋਈ ਦੁਸ਼ਟ-ਦੋਖੀ ਉਸ ਦੇ ਪ੍ਰਛਾਵੇਂ ਨੂੰ ਵੀ ਛੁਹ ਨਹੀਂ ਸਕਦਾ ॥੨੩॥

❖❖❖❖❖❖

# ਰਾਮਕਲੀ ਮਹਲਾ ੩ ਅਨੰਦੁ

## ੧ਓ ਸਤਿਗੁਰ ਪ੍ਰਸਾਦਿ ॥

.........................................................

## ਵਾਜੇ ਪੰਚ ਸਬਦ   ਤਿਤੁ ਘਰਿ ਸਭਾਗੈ ॥

**ਅਰਥ-** ਉਸ ਭਾਗਸ਼ੀਲ ਹਿਰਦੇ ਘਰ ਵਿੱਚ ਸ੍ਰੇਸ਼ਟ ਅਨਹਦ-ਸ਼ਬਦ (ਦੇ ਵਾਜੇ) ਵੱਜ ਪਏ,

## ਘਰਿ ਸਭਾਗੈ    ਸਬਦ ਵਾਜੇ

## ਕਲਾ ਜਿਤੁ ਘਰਿ ਧਾਰੀਆ ॥

**ਅਰਥ**: ਉਸ ਭਾਗਸ਼ੀਲ ਹਿਰਦੇ-ਘਰ ਵਿੱਚ ਸ੍ਰੇਸ਼ਟ ਅਨਹਦ-ਸ਼ਬਦ (ਦੇ ਵਾਜੇ) ਵੱਜ ਪਏ, ਜਿਸ ਹਿਰਦੇ ਘਰ ਵਿਚ (ਹੇ ਪ੍ਰਭੂ !) ਤੂੰ (ਨਾਮ ਦੀ) ਪਾਰਸ-ਕਲਾ ਵਰਤਾਅ ਦਿੱਤੀ ਹੈ।

## ਪੰਚ ਦੂਤ ਤੁਧੁ ਵਸਿ ਕੀਤੇ
## ਕਾਲੁ ਕੰਟਕੁ ਮਾਰਿਆ ॥

**ਅਰਥ:** (ਹੇ ਪ੍ਰਭੂ !) ਤੂੰ ਉਸ ਦੇ ਕਾਮਾਦਿਕ ਪੰਜੇ ਦੂਤ ਵਸ ਵਿੱਚ ਕਰ ਦਿੱਤੇ,ਦੁਖਦਾਈ ਕਾਲ ਮਾਰ ਨਿਵਾਰਿਆ।

## ਧੁਰਿ ਕਰਮਿ ਪਾਇਆ ਤੁਧੁ ਜਿਨ ਕਉ
## ਸਿ ਨਾਮਿ ਹਰਿ ਕੈ ਲਾਗੇ ॥

**ਅਰਥ:** ਜਿਨ੍ਹਾਂ ਨੂੰ ਤੂੰ ਮਿਹਰ ਕਰ ਕੇ ਧੁਰੋਂ ਹੀ ਭਾਗ ਵਿੱਚ ਲਿਖ ਪਾਇਆ, ਉਹ-ਪ੍ਰਭੂ ਦੇ ਨਾਮ ਵਿੱਚ ਲਗ (ਜੁੜ) ਗਏ ।

## ਕਹੈ ਨਾਨਕੁ ਤਹ ਸੁਖੁ ਹੋਆ
## ਤਿਤੁ ਘਰਿ ਅਨਹਦ ਵਾਜੇ ॥੫॥

**ਅਰਥ**: ਨਾਨਕ ਆਖਦਾ ਹੈ, ਉੱਥੇ (ਉਸ ਹਿਰਦੇ ਘਰ ਵਿੱਚ) ਆਤਮ-ਸੁਖ ਆ ਬਣਿਆ ਹੈ, ਉਸ ਹਿਰਦੇ-ਘਰ ਵਿੱਚ ਅਨਹਦ-ਸ਼ਬਦ (ਦੇ ਵਾਜੇ) ਵੱਜ ਪਏ ॥੫॥

❖❖❖❖❖❖

# ਸ਼ਬਦ

**ਸੂਹੀ ਮਹਲਾ ੫ ॥** (੭੪੨)

## ਦਰਸਨੁ ਦੇਖਿ ਜੀਵਾ ਗੁਰ ਤੇਰਾ ॥

**ਅਰਥ:** ਹੇ ਮੇਰੇ ਗੁਰਦੇਵ! ਮੈਂ ਤੇਰਾ ਦੀਦਾਰ ਵੇਖ ਕੇ ਜੀਉਂਦਾ ਹਾਂ।

## ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥

**ਅਰਥ:** ਇਸ ਤਰ੍ਹਾਂ ਮੇਰੇ ਭਾਗ ਮੁਕੰਮਲ ਹੋ ਗਏ ਹਨ, ਹੇ ਸੁਆਮੀ!

## ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥

**ਅਰਥ:** ਮੇਰੀ ਇਹ ਪ੍ਰਾਰਥਨਾ ਸਰਵਣ ਕਰ, ਹੇ ਮੇਰੇ ਸਾਹਿਬ!

## ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ ਰਹਾਉ ॥

**ਅਰਥ:** ਮੈਨੂੰ ਆਪਣਾ ਨਾਮ ਬਖ਼ਸ਼ ਅਤੇ ਮੈਨੂੰ ਆਪਣਾ ਗੋਲਾ ਬਣਾ ਲੈ। ਠਹਿਰਾਉ।

## ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥

**ਅਰਥ**: ਮੇਰੇ ਦਾਤਾਰ ਸੁਆਮੀ, ਤੂੰ ਮੈਨੂੰ ਆਪਣੀ ਪਨਾਹ ਹੇਠ ਰੱਖ।

## ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥

**ਅਰਥ**: ਗੁਰਾਂ ਦੀ ਦਇਆ ਦੁਆਰਾ ਕੋਈ ਟਾਵਾਂ ਪੁਰਸ਼ ਹੀ ਤੈਨੂੰ ਸਮਝਦਾ ਹੈ।

## ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥

**ਅਰਥ**: ਹੇ ਮੇਰੇ ਮਿੱਤਰ ਸੁਆਮੀ ! ਤੂੰ ਮੇਰੀ ਪ੍ਰਾਰਥਨਾ ਸੁਣ ।

## ਚਰਣ ਕਮਲ ਵਸਹਿ ਮੇਰੈ ਚੀਤਾ ॥੩॥

**ਅਰਥ**: ਤੇਰੇ ਕੰਵਲ ਰੂਪੀ ਚਰਨ ਮੇਰੇ ਹਿਰਦੇ ਅੰਦਰ ਨਿਵਾਸ ਕਰਨ।

## ਨਾਨਕੁ ਏਕ ਕਰੈ ਅਰਦਾਸਿ॥

**ਅਰਥ**: ਨਾਨਕ ਇਕ ਬੇਨਤੀ ਕਰਦਾ ਹੈ,

## ਵਿਸਰੁ ਨਾਹੀ ਪੂਰਨ ਗੁਣਤਾਸਿ॥੪॥

**ਅਰਥ**: ਕਿ ਮੈਂ ਤੈਨੂੰ ਨਾ ਭੁੱਲਾਂ, ਹੇ ਤੂੰ ਨੇਕੀਆ ਦੇ ਮੁਕੰਮਲ ਖਜ਼ਾਨੇ।

❖❖❖❖❖❖

# ਪੰਗਤੀਆਂ

1. **ਗੁਰੁ ਪੂਰਾ ਜਿਨ ਸਿਮਰਿਆ**
**ਸੇਈ ਭਏ ਨਿਹਾਲ ॥**
**ਨਾਨਕ ਨਾਮੁ ਅਰਾਧਣਾ**
**ਕਾਰਜੁ ਆਵੈ ਰਾਸਿ॥** (੧੪੨੫)

**ਅਰਥ**: ਪਰਮ ਪ੍ਰਸੰਨ ਬੀ ਵੰਝਦੇ ਹਨ, ਉਹ ਜੋ ਪੂਰਨ ਗੁਰਾਂ ਦਾ ਆਰਾਧਨ ਕਰਦੇ ਹਨ। ਨਾਨਕ, ਸੁਆਮੀ ਦਾ ਸਿਮਰਨ ਕਰਨ ਦੁਆਰਾ, ਕੰਮ ਕਾਜ ਦਰੁਸਤ ਹੋ ਜਾਂਦੇ ਹਨ।

2. **ਦਦੈ ਦੋਸੁ ਨ ਦੇਊ ਕਿਸੈ**
**ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ**
**ਦੋਸੁ ਨ ਦੀਜੈ ਅਵਰ ਜਨਾ॥** (੪੩੩)

**ਅਰਥ**: (ਦ–) ਕਿਸੇ ਤੇ ਇਲਜ਼ਾਮ ਨਾ ਲਾ। ਕਸੂਰ ਤੇਰੇ ਆਪਣੇ ਅਮਲਾਂ ਦਾ ਹੈ। ਜੋ ਕੁਝ ਮੈਂ ਕੀਤਾ ਸੀ, ਉਸਦਾ ਫਲ ਮੈਂ ਪਾ ਲਿਆ । ਮੈਂ ਕਿਸੇ ਹੋਰਸ ਪੁਰਸ਼ ਤੇ ਦੂਸ਼ਨ ਨਹੀਂ ਲਾਉਂਦਾ।

3. **ਕਤਿਕਿ ਕਰਮ ਕਮਾਵਣੇ**
**ਦੋਸੁ ਨ ਕਾਹੂ ਜੋਗੁ ॥**
**ਪਰਮੇਸਰ ਤੇ ਭੁਲਿਆਂ**
**ਵਿਆਪਨਿ ਸਭੇ ਰੋਗ ॥** (੧੩੫)

**ਅਰਥ:** ਕੱਤਕ ਵਿੱਚ ਤੂੰ ਚੰਗੇ ਅਮਲ ਕਰ। ਕਿਸੇ ਹੋਰ ਉਤੇ ਇਲਜ਼ਾਮ ਲਾਉਣਾ ਮੁਨਾਸਿਬ ਨਹੀਂ। ਪਾਰਬ੍ਰਹਮ ਨੂੰ ਭਲਾਉਣ ਕਰਕੇ ਇਨਸਾਨ ਨੂੰ ਸਾਰੀਆਂ ਬੀਮਾਰੀਆਂ ਚਿੰਮੜ ਜਾਂਦੀਆਂ ਹਨ ।

# ਸ੍ਰੀ ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਸਨ। ਆਪ ਜੀ ਦਾ ਜਨਮ 1 ਅਪਰੈਲ 1621 ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਆਪ ਜੀ ਦੇ ਮਾਤਾ ਪਿਤਾ ਸਨ। ਗੁਰੂ ਤੇਗ ਬਹਾਦਰ ਜੀ ਬਚਪਨ ਤੋਂ ਹੀ ਦਲੇਰ, ਤੀਖਣ ਬੁੱਧੀ ਅਤੇ ਸਾਧੂ ਸੁਭਾਅ ਵਾਲ਼ੇ ਸਨ। ਆਪ ਜੀ ਦੀ ਪੜ੍ਹਾਈ ਅਤੇ ਸ਼ਸਤਰ ਸਿਖਲਾਈ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਖ ਰੇਖ ਹੇਠ ਹੋਈ ।

**ਵਿਆਹ ਅਤੇ ਸੰਤਾਨ**:– 13 ਸਾਲ ਦੀ ਉਮਰ ਵਿੱਚ 1634 ਈ: ਨੂੰ ਆਪ ਜੀ ਦਾ ਵਿਆਹ ਮਾਤਾ ਗੁਜਰੀ ਜੀ ਨਾਲ ਹੋਇਆ। ਮਾਤਾ ਗੁਜਰੀ ਸ੍ਰੀ ਲਾਲ ਚੰਦ ਦੀ ਪੁੱਤਰੀ ਸੀ। ਸ੍ਰੀ ਲਾਲ ਚੰਦ ਕਰਤਾਰਪੁਰ (ਜਲੰਧਰ) ਦਾ ਰਹਿਣ ਵਾਲ਼ਾ ਸੀ। ਮਾਤਾ ਗੁਜਰੀ ਦੀ ਕੁੱਖੋਂ 22 ਦਸੰਬਰ 1666 ਈ: ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

**ਗੁਰੂ ਪ੍ਰਗਟ ਹੋਣਾ**:– ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਆਪ ਪਰਿਵਾਰ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ । ਇੱਥੇ ਰਹਿੰਦਿਆਂ ਆਪ ਜੀ ਨੇ ਜ਼ਿਆਦਾ ਸਮਾਂ ਪ੍ਰਭੂ ਭਗਤੀ ਵਿੱਚ ਬਤੀਤ ਕੀਤਾ। ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਲੱਗਿਆਂ ਸੰਗਤਾਂ ਨੂੰ ਹੁਕਮ ਕਰ ਗਏ ਸਨ ਕਿ 'ਬਾਬਾ ਬਕਾਲੇ'। ਬਕਾਲੇ ਪਿੰਡ ਵਿੱਚ ਗੱਦੀ ਦੇ ਕਈ ਦਾਅਵੇਦਾਰ ਪੈਦਾ ਹੋ ਗਏ। ਬਾਬਾ ਗੁਰਦਿੱਤਾ ਜੀ ਦਾ ਪੁੱਤਰ ਧੀਰ ਮੱਲ ਸਭਨਾਂ ਦਾ ਮੋਹਰੀ ਸੀ । ਬਕਾਲੇ 'ਚ ਆਉਣ ਵਾਲੀਆਂ ਸੰਗਤਾਂ ਦੁਚਿੱਤੀ ਵਿੱਚ ਸਨ। ਸੱਚੇ ਗੁਰੂ ਦਾ ਪਤਾ ਨਹੀਂ ਲੱਗ ਰਿਹਾ ਸੀ ਕਿ ਕੌਣ ਹੈ। ਇੱਕ ਵਪਾਰੀ ਸਿੱਖ ਮੱਖਣ ਸ਼ਾਹ ਲੁਬਾਣਾ ਦਾ ਡੁੱਬਦਾ ਬੇੜਾ

ਗੁਰੂ ਨਾਨਕ ਦੇਵ ਜੀ ਦੀ ਜੋਤ ਨੇ ਸਮੁੰਦਰੋਂ ਪਾਰ ਲਾਇਆ ਉਸਨੇ ਪੰਜ ਸੌ ਮੋਹਰਾਂ ਦੀ ਸੁੱਖਣਾ ਸੁੱਖੀ ਸੀ। ਮੱਖਣ ਸ਼ਾਹ, ਟਾਂਡਾ ਜ਼ਿਲ੍ਹਾ ਜਿਹਲਮ ਦਾ ਰਹਿਣ ਵਾਲ਼ਾ ਸੀ। ਉਹ ਦਸਵੰਧ ਦੀ ਮਾਇਆ ਲੈ ਕੇ ਬਕਾਲੇ ਆਇਆ। ਪਰ ਇੱਥੇ ਤਾਂ ਕਈ ਪਖੰਡੀ ਲੋਕ ਗੁਰੂ ਬਣੇ ਬੈਠੇ ਸਨ। ਮੱਖਣ ਸ਼ਾਹ ਨੇ ਸਭਨਾਂ ਦੀ ਪਰਖ ਸਿਰਫ਼ ਦੋ-ਦੋ ਮੋਹਰਾਂ ਟੇਕ ਕੇ ਕੀਤੀ। ਪਰ ਕਿਸੇ ਵੀ ਪਖੰਡੀ ਨੇ ਬਾਕੀ ਮੋਹਰਾਂ ਦੀ ਮੰਗ ਨਾ ਕੀਤੀ ਅਖੀਰ ਮੱਖਣ ਸ਼ਾਹ ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਵੀ ਪਤਾ ਲੱਗਿਆ। ਮੱਖਣ ਸ਼ਾਹ ਲੁਬਾਣੇ ਨੇ ਗੁਰੂ ਜੀ ਦੇ ਦਰਸ਼ਨ ਕਰਨ ਲੱਗਿਆਂ ਦੋ ਮੋਹਰਾਂ ਰੱਖ ਦਿੱਤੀਆਂ। ਅੰਤਰਜਾਮੀ ਪਾਤਸ਼ਾਹ ਨੇ ਪੰਜ ਸੌ ਮੋਹਰਾਂ ਦੇਣ ਬਾਰੇ ਆਖਿਆ। ਮੱਖਣ ਸ਼ਾਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਮੋਹਰਾਂ ਵਾਲੀ ਥੈਲੀ ਗੁਰੂ ਜੀ ਨੂੰ ਟੇਕ ਦਿੱਤੀ। ਮੱਖਣ ਸ਼ਾਹ ਕੋਠੇ ਤੇ ਚੜ੍ਹ ਕੇ ਹੋਕਾ ਦੇਣ ਲੱਗਿਆ, "ਗੁਰੂ ਲਾਧੋ ਰੇ ! ਗੁਰੂ ਲਾਧੋ ਰੇ !" ਭਾਵ ਕਿ ਸੱਚਾ ਗੁਰੂ ਲੱਭ ਪਿਆ ਹੈ।

ਗੁਰੂ ਤੇਗ ਬਹਾਦਰ ਜੀ ਦੇ ਗੁਰੂ ਪ੍ਰਗਟ ਹੋਣ ਨਾਲ ਪਖ਼ੰਡੀਆਂ ਦੀਆਂ ਝੂਠੀਆਂ ਦੁਕਾਨਦਾਰੀਆਂ ਬੰਦ ਹੋ ਗਈਆਂ। ਈਰਖਾਵਾਦੀ ਧੀਰਮੱਲ ਨੇ ਸ਼ੀਹੇਂ ਮਸੰਦ ਨੂੰ ਲਾਲਚ ਦੇ ਕੇ ਗੁਰੂ ਜੀ 'ਤੇ ਗੋਲ਼ੀ ਵੀ ਚਲਾਈ। ਪਰ ਗੁਰੂ ਜੀ ਦਾ ਵਾਲ਼ ਵੀ ਵਿੰਗਾ ਨਾ ਹੋਇਆ। ਨਿਮਰਤਾ ਦੇ ਪੁੰਜ ਗੁਰੂ ਪਾਤਸ਼ਾਹ ਨੇ ਸ਼ੀਹੇਂ ਮਸੰਦ ਨੂੰ ਵੀ ਮੁਆਫ਼ ਕਰ ਦਿੱਤਾ।

**ਗੁਰੂ ਜੀ ਦਾ ਸ੍ਰੀ ਅੰਮ੍ਰਿਤਸਰ ਜਾਣਾ**:- ਮੱਖਣ ਸ਼ਾਹ ਅਤੇ ਹੋਰ ਸਿੱਖ ਸੰਗਤਾਂ ਸਮੇਤ 1664 ਈ: ਨੂੰ ਗੁਰੂ ਜੀ ਬਕਾਲੇ ਤੋਂ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਗਏ। ਗੁਰੂ ਜੀ ਦਾ ਆਉਣਾ ਸੁਣ ਕੇ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ। ਗੁਰੂ ਜੀ ਹਰਿਮੰਦਰ ਸਾਹਿਬ ਤੋਂ ਬਾਹਰ ਅਕਾਲ ਤਖ਼ਤ ਪਾਸ ਇੱਕ ਦਰੱਖਤ ਹੇਠਾਂ ਥੜ੍ਹੇ 'ਤੇ ਬੈਠ ਗਏ। ਅੰਤਰਸਝੀਏ ਦਾ ਬਚਨ ਕਰਕੇ ਪਿੰਡ ਵੱਲੇ ਨੂੰ ਚਲੇ ਗਏ। ਇੱਥੋਂ ਗੁਰੂ ਜੀ ਕਰਤਾਰਪੁਰ ਦੇ ਰਸਤੇ ਕੀਰਤਪੁਰ ਸਾਹਿਬ ਪੁੱਜੇ।

**ਸ੍ਰੀ ਅਨੰਦਪੁਰ ਸਾਹਿਬ ਵਸਾਉਣਾ** :- ਗੁਰੂ ਜੀ ਨੇ ਕਹਿਲੂਰ ਦੇ ਰਾਜੇ ਦੀਪ ਚੰਦ ਦੀ ਰਾਣੀ ਤੋਂ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਖਰੀਦ ਲਈ। ਮਾਖੋ ਦੈਂਤ ਦੇ ਨਾਮ ਤੋਂ ਇਸ ਪਿੰਡ ਦਾ ਨਾਂ ਮਾਖੋਵਾਲ ਪਿਆ ਸੀ। ਗੁਰੂ ਤੇਗ ਬਹਾਦਰ ਜੀ ਨੇ 1665 ਈ: ਵਿੱਚ ਇਸ ਜ਼ਮੀਨ ਤੇ ਇਕ ਨਵਾਂ ਨਗਰ ਵਸਾਉਣਾ ਆਰੰਭ ਕੀਤਾ। ਇਸ ਨਗਰ ਦਾ ਨਾਂ 'ਚੱਕ ਮਾਤਾ ਨਾਨਕੀ' ਰੱਖਿਆ ਗਿਆ। ਦਸਵੇਂ ਪਾਤਸ਼ਾਹ ਸਮੇਂ ਇਸੇ ਨਗਰ ਦਾ ਨਾਂ ਸ੍ਰੀ ਅਨੰਦਪੁਰ ਸਾਹਿਬ ਪਿਆ।

**ਗੁਰੂ ਜੀ ਦਾ ਪ੍ਰਚਾਰ ਦੌਰਾ**:- ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂਆਂ ਉੱਪਰ ਜ਼ੁਲਮਾਂ ਦੀ ਹੱਦ ਕਰ ਦਿੱਤੀ। ਹਿੰਦੂਆਂ ਨੂੰ ਹੌਸਲਾ ਦੇਣ ਅਤੇ ਸਿੱਖੀ ਦਾ ਪ੍ਰਚਾਰ ਕਰਨ ਲਈ ਗੁਰੂ ਜੀ ਪਰਿਵਾਰ ਸਮੇਤ ਪੂਰਬ ਦੇਸ਼ ਵੱਲ ਚੱਲ ਪਏ। ਅਨੰਦਪੁਰ ਸਾਹਿਬ ਤੋਂ ਰੋਪੜ, ਮੂਲੇਵਾਲ ਹੁੰਦੇ ਗੁਰੂ ਜੀ ਧਮਧਾਣ ਚਲੇ ਗਏ। ਧਮਧਾਣ ਵਿਖੇ ਇੱਕ ਸਿੱਖ ਭਾਈ ਰਾਮਦੇਵ ਜਲ ਨਾਲ ਸੰਗਤਾਂ ਦੀ ਅਥੱਕ ਸੇਵਾ ਕਰਦਾ ਸੀ ।ਗੁਰੂ ਜੀ ਨੇ ਇਸ ਸਿੱਖ ਨੂੰ 'ਭਾਈ ਮੀਹਾਂ' ਦਾ ਨਾਮ ਦਿੱਤਾ।

ਧਮਧਾਣ ਤੋਂ ਗੁਰੂ ਜੀ ਕੁਰਕਸ਼ੇਤਰ, ਮਥੁਰਾ, ਆਗਰਾ, ਕਾਨਪੁਰ, ਕਾਂਸ਼ੀ ਆਦਿ ਹਿੰਦੂ ਤੀਰਥਾਂ 'ਤੇ ਲੋਕਾਂ ਨੂੰ ਗੁਰਮਤਿ ਦ੍ਰਿੜ ਕਰਾਉਂਦੇ ਹੋਏ ਗਯਾ ਤੋਂ ਪਟਨੇ ਪੁੱਜੇ। ਇੱਥੇ ਹੀ ਬਾਅਦ ਵਿੱਚ ਭਾਈ ਜੈਤਾ ਜੀ ਦੇ ਘਰ ਮਾਤਾ ਗੁਜਰ ਕੌਰ ਦੀ ਕੁੱਖੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ।

ਪਟਨੇ ਤੋਂ ਗੁਰੂ ਜੀ ਅਸਾਮ ਪੁੱਜੇ ।ਅਸਾਮ ਵਿਖੇ ਗੁਰੂ ਜੀ ਨੇ ਰਾਜਾ ਰਾਮ ਸਿੰਘ ਅਤੇ ਰਾਜਾ ਚਕ੍ਰ ਧਵੱਜ ਦੀ ਸੁਲ੍ਹਾ ਕਰਾਈ। ਰਾਜਾ ਚਕ੍ਰ ਧਵੱਜ ਅਹੋਮੀ ਕਬੀਲੇ ਦਾ ਸਰਦਾਰ ਸੀ। ਕੁਝ ਸਮੇਂ ਬਾਅਦ ਗੁਰੂ ਤੇਗ ਬਹਾਦਰ ਜੀ ਵਾਪਸ ਪਟਨਾ ਪਰਤ ਆਏ। ਕੁਝ ਸਮਾਂ ਪਟਨੇ ਰਹਿਣ ਉਪਰੰਤ ਗੁਰੂ ਜੀ ਸ੍ਰੀ ਅਨੰਦਪੁਰ ਸਹਿਬ ਵਿਖੇ ਆ ਗਏ । ਬਾਅਦ ਵਿੱਚ ਆਪਣੇ ਪਰਿਵਾਰ ਨੂੰ ਵੀ ਪਟਨੇ ਤੋਂ ਸ੍ਰੀ ਅਨੰਦਪੁਰ ਸਾਹਿਬ ਬੁਲਾ ਲਿਆ ਗਿਆ।


**ਔਰੰਗਜ਼ੇਬ ਦੇ ਜ਼ੁਲਮ**:- ਆਪਣੇ ਪਿਤਾ ਅਤੇ ਭਰਾਵਾਂ ਨੂੰ ਮਾਰ ਕੇ ਦਿੱਲੀ ਦੇ ਤਖ਼ਤ ਤੇ ਬੈਠਣ ਵਾਲਾ ਔਰੰਗਜ਼ੇਬ ਬੜਾ ਜ਼ਾਲਮ ਅਤੇ ਸ਼ਰ੍ਹਈ ਸੀ। ਉਸਨੂੰ ਹਿੰਦੂ ਧਰਮ ਨਾਲ ਸਖ਼ਤ ਨਫ਼ਰਤ ਸੀ। ਉਸਨੇ ਜ਼ੁਲਮ ਦਾ ਹਰ ਤੌਰ ਤਰੀਕਾ ਵਰਤ ਕੇ ਹਿੰਦੂ ਧਰਮ ਨੂੰ ਜੜੋਂ ਖ਼ਤਮ ਕਰਨ ਦਾ ਫੈਸਲਾ ਕੀਤਾ ।ਕਈ ਸਾਲਾਂ ਤੱਕ ਮੁਸਲਮਾਨਾਂ ਨੇ ਹਿੰਦੂ ਜਨਤਾ ਤੇ ਖ਼ੂਨ ਨਾਲ ਹੋਲੀ ਖੇਡੀ ।

**ਕਸ਼ਮੀਰੀ ਪੰਡਤਾਂ ਦੀ ਫਰਿਆਦ**:- ਔਰੰਗਜ਼ੇਬ ਦੇ ਹੁਕਮਾਂ ਨਾਲ ਗਵਰਨਰ ਸ਼ੇਰ ਅਫਗਾਨ ਖ਼ਾਂ ਨੇ ਕਸ਼ਮੀਰ ਦੇ ਇਲਾਕੇ 'ਚ ਰਹਿਣ ਵਾਲੇ ਪੰਡਤਾਂ 'ਤੇ ਬੇਸ਼ੁਮਾਰ ਜ਼ੁਲਮ ਕੀਤੇ। ਇਨ੍ਹਾਂ ਪੰਡਤਾਂ ਨੇ ਆਪਣੇ ਧਰਮ ਦੀ ਹੋਂਦ ਨੂੰ ਖ਼ਤਰਾ ਮਹਿਸੂਸ ਕੀਤਾ । ਹਿੰਦੂ ਧਰਮ ਦੀ ਬੇੜੀ ਡੁੱਬਣ ਕਿਨਾਰੇ ਸੀ। ਕਿਤੋਂ ਕੋਈ ਆਸ ਦੀ ਕਿਰਨ ਨਹੀਂ ਦਿੱਸ ਰਹੀ ਸੀ। ਇਸ ਦਰਦਨਾਕ ਸਮੇਂ ਦੌਰਾਨ ਕਸ਼ਮੀਰੀ ਪੰਡਤਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ

ਮਿਲਣਾ ਚਾਹਿਆ। ਬੇਅੰਤ ਕਸ਼ਮੀਰੀ ਪੰਡਤਾਂ ਨੇ 25 ਮਈ 1675 ਈ: ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਕੋਲ਼ ਆ ਫਰਿਆਦ ਕੀਤੀ। ਹਿੰਦੂ ਧਰਮ ਨੂੰ ਬਚਾਉਣ ਲਈ ਕੁਰਬਾਨੀ ਦੀ ਜ਼ਰੂਰਤ ਸੀ। ਗੁਰੂ ਤੇਗ ਬਹਾਦਰ ਜੀ ਤੋਂ ਬਗੈਰ ਦੁਨੀਆਂ ਦਾ ਹੋਰ ਕੋਈ ਵੀ ਮਹਾਂਪੁਰਸ਼ ਇਸ ਜ਼ਰੂਰਤ ਨੂੰ ਪੂਰਾ ਨਹੀ ਸੀ ਕਰ ਸਕਦਾ।

**ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਜਾਣਾ**:- ਨੌ ਸਾਲ ਦੀ ਉਮਰ 'ਚ ਗੁਰੂ ਗੋਬਿੰਦ ਸਿੰਘ ਗੁਰਗੱਦੀ ਨਸ਼ੀਨ ਕੀਤੇ ਗਏ। ਗੁਰੂ ਤੇਗ ਬਹਾਦਰ ਜੀ ਪੰਜ ਸਿੱਖਾਂ ਸਮੇਤ ਦਿੱਲੀ ਵੱਲ ਚੱਲ ਪਏ। ਰਸਤੇ ਵਿੱਚ ਗੁਰੂ ਜੀ ਗੁਰਸਿੱਖੀ ਦਾ ਪ੍ਰਚਾਰ ਕਰਦੇ ਜਾ ਰਹੇ ਸਨ। ਹਸਨ ਅਬਦਾਲ ਬੈਠੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। ਆਗਰੇ ਤੋਂ ਗੁਰੂ ਜੀ ਗ੍ਰਿਫ਼ਤਾਰ ਕੀਤੇ ਗਏ। ਭਾਈ ਮਤੀ ਦਾਸ ਸੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਗੁਰੂ ਜੀ ਦਿੱਲੀ ਵਿਖੇ ਕੈਦਖਾਨੇ 'ਚ ਬੰਦ ਕੀਤੇ ਗਏ।

**ਸ਼ਹੀਦੀ**:- ਔਰੰਗਜ਼ੇਬ ਦੇ ਅਹਿਲਕਾਰਾਂ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਇਸਲਾਮ ਧਰਮ ਕਬੂਲ ਕਰਨ ਜਾਂ ਫਿਰ ਕਰਾਮਾਤ ਦਿਖਾਉਣ ਨਹੀਂ ਤਾਂ ਫਿਰ ਸਿਰ ਦੇਣ ਲਈ ਤਿਆਰ ਰਹਿਣ। ਗੁਰੂ ਜੀ ਨੇ ਨਾ ਤਾਂ ਇਸਲਾਮ ਕਬੂਲਿਆ ਅਤੇ ਨਾ ਹੀ ਕੋਈ ਕਰਾਮਾਤ ਦਿਖਾਈ ਪਰ ਹਿੰਦੂ ਧਰਮ ਖਾਤਰ ਆਪਣਾ ਸੀਸ ਕੁਰਬਾਨ ਕਰਨਾ ਕਬੂਲ ਲਿਆ। ਗੁਰੂ ਜੀ ਨੂੰ ਡਰਾਉਣ ਲਈ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਉਨ੍ਹਾਂ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਦੋਫਾੜ੍ਹ ਕਰ ਦਿੱਤਾ ਗਿਆ। ਫਿਰ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲ਼ਿਆ ਗਿਆ। ਉਪਰੰਤ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾਈ ਗਈ। ਤਿੰਨੇ ਸਿੱਖਾਂ ਦੀ ਸ਼ਹੀਦੀ ਅੱਖਾਂ ਸਾਹਮਣੇ ਦੇਖ ਕੇ ਗੁਰੂ ਜੀ ਰੱਤੀ ਭਰ ਵੀ ਨਾ ਡੋਲੇ ।



ਅਖੀਰ 11 ਨਵੰਬਰ 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸਮਾਣੇ ਦੇ ਜਲਾਦ ਜਲਾਲ-ਉਦ-ਦੀਨ ਨੇ ਤਲਵਾਰ ਨਾਲ਼ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ। ਭਾਈ ਜੈਤਾ ਜੀ ਗੁਰੂ ਜੀ ਦਾ ਪਾਵਨ ਸੀਸ ਲੈ ਕੇ

ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ । ਇੱਕ ਵਪਾਰੀ ਸਿੱਖ ਭਾਈ ਲੱਖੀ ਸ਼ਾਹ ਨੇ ਗੁਰੂ ਜੀ ਦਾ ਧੜ ਆਪਣੇ ਰੂੰ ਵਾਲੇ ਗੱਡੇ ਵਿੱਚ ਰੱਖ ਲਿਆ। ਲੱਖੀ ਸ਼ਾਹ ਨੇ ਰਕਾਬ ਨਾਮਕ ਸਥਾਨ 'ਤੇ ਆਪਣੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ। ਇਸ ਥਾਂ 'ਤੇ ਅੱਜਕੱਲ ਗੁਰਦੁਆਰਾ ਰਕਾਬ ਗੰਜ ਹੈ। ਸ਼ਹੀਦੀ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਹੈ। ਗੁਰੂ ਜੀ ਦੀ ਵੈਰਾਗਮਈ ਬਾਣੀ ਦੇ 59 ਸ਼ਬਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

❖❖❖❖❖❖

**ਕੁੱਝ ਪ੍ਰਸ਼ਨ :–**

**ਪ੍ਰਸ਼ਨ 1.** ਗੁਰੂ ਤੇਗ ਬਹਾਦਰ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

**ਉੱਤਰ :** 1 ਅਪ੍ਰੈਲ 1621 ਈ: ਨੂੰ ਅੰਮ੍ਰਿਤਸਰ ਵਿਖੇ ।

**ਪ੍ਰਸ਼ਨ 2.** ਗੁਰੂ ਤੇਗ ਬਹਾਦਰ ਜੀ ਦੇ ਮਾਤਾ ਪਿਤਾ ਕੌਣ ਸਨ?

**ਉੱਤਰ :** ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ।

**ਪ੍ਰਸ਼ਨ 3.** ਆਪ ਜੀ ਨੇ ਵਿੱਦਿਆ ਕਿਸ ਦੀ ਦੇਖ ਰੇਖ ਹੇਠ ਲਈ?

**ਉੱਤਰ :** ਗੁਰੂ ਹਰਿਗੋਬਿੰਦ ਸਾਹਿਬ ਦੀ ਦੇਖ ਰੇਖ ਹੇਠ।

**ਪ੍ਰਸ਼ਨ 4.** ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਦੋਂ ਅਤੇ ਕਿਸ ਨਾਲ਼ ਹੋਇਆ?

**ਉੱਤਰ:** 1634 ਈ: ਨੂੰ ਮਾਤਾ ਗੁਜਰੀ ਨਾਲ਼।

**ਪ੍ਰਸ਼ਨ 5.** ਮਾਤਾ ਗੁਜਰੀ ਜੀ ਕਿਸਦੀ ਪੁੱਤਰੀ ਸੀ?

**ਉੱਤਰ :** ਸ੍ਰੀ ਲਾਲ ਚੰਦ ਜੀ ਦੀ।

**ਪ੍ਰਸ਼ਨ 6.** ਸ੍ਰੀ ਲਾਲ ਚੰਦ ਕਿੱਥੋਂ ਦਾ ਰਹਿਣ ਵਾਲਾ ਸੀ?

**ਉੱਤਰ :** ਕਰਤਾਰਪੁਰ ਜ਼ਿਲ੍ਹਾ ਜਲੰਧਰ ਦਾ।

**ਪ੍ਰਸ਼ਨ 7.** ਧੀਰਮੱਲ ਕੌਣ ਸੀ?

**ਉੱਤਰ :** ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਸੀ।

**ਪ੍ਰਸ਼ਨ 8.** ਗੁਰੂ ਤੇਗ ਬਹਾਦਰ ਜੀ ਕਿਸ ਸਿੱਖ ਦੀ ਪਰਖ 'ਤੇ ਪ੍ਰਗਟ ਹੋਏ?

**ਉੱਤਰ :** ਮੱਖਣ ਸ਼ਾਹ ਦੀ ਪਰਖ 'ਤੇ।

**ਪ੍ਰਸ਼ਨ 9.** ਗੁਰੂ ਤੇਗ ਬਹਾਦਰ ਜੀ ਕਿੱਥੋਂ ਗੁਰੂ ਪ੍ਰਗਟ ਹੋਏ?

**ਉੱਤਰ:** ਬਕਾਲੇ ਪਿੰਡ ਤੋਂ

**ਪ੍ਰਸ਼ਨ 10.** ਮੱਖਣ ਸ਼ਾਹ ਕਿੱਥੋਂ ਦਾ ਰਹਿਣ ਵਾਲ਼ਾ ਸੀ?

**ਉੱਤਰ:** ਟਾਂਡਾ ਜ਼ਿਲ੍ਹਾ ਜਿਹਲਮ ਦਾ।

**ਪ੍ਰਸ਼ਨ 11.** ਕੋਠੇ 'ਤੇ ਚੜ੍ਹ ਕੇ ਮੱਖਣ ਸ਼ਾਹ ਨੇ ਕੀ ਆਖਿਆ?

**ਉੱਤਰ:** 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ'।

**ਪ੍ਰਸ਼ਨ 12.** ਗੁਰੂ ਤੇਗ ਬਹਾਦਰ ਜੀ 'ਤੇ ਗੋਲ਼ੀ ਕਿਸਨੇ ਚਲਾਈ?

**ਉੱਤਰ:** ਸ਼ੀਹੇਂ ਮਸੰਦ ਨੇ।

**ਪ੍ਰਸ਼ਨ 13.** ਗੁਰੂ ਤੇਗ ਬਹਾਦਰ ਜੀ ਹਰਿਮੰਦਰ ਸਾਹਿਬ ਕਦੋਂ ਗਏ?

**ਉੱਤਰ:** 1664 ਈ: ਨੂੰ।

**ਪ੍ਰਸ਼ਨ 14.** ਕਿੰਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ?

**ਉੱਤਰ:** ਪੁਜਾਰੀਆਂ ਨੇ।

**ਪ੍ਰਸ਼ਨ 15.** ਅਕਾਲ ਤਖ਼ਤ ਦੇ ਨੇੜੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਕਿਹੜਾ ਗੁਰਦੁਆਰਾ ਸਾਹਿਬ ਹੈ?

**ਉੱਤਰ:** ਗੁਰਦੁਆਰਾ ਥੜ੍ਹਾ ਸਾਹਿਬ।

**ਪ੍ਰਸ਼ਨ 16.** ਅੰਮ੍ਰਿਤਸਰ ਤੋਂ ਗੁਰੂ ਤੇਗ ਬਹਾਦਰ ਜੀ ਕਿਸ ਪਿੰਡ ਗਏ?

**ਉੱਤਰ:** ਵੱਲੇ ਪਿੰਡ।

**ਪ੍ਰਸ਼ਨ 17.** ਸ੍ਰੀ ਅਨੰਦਪੁਰ ਸਾਹਿਬ ਵਸਾਉਣ ਲਈ ਗੁਰੂ ਤੇਗ ਬਹਾਦਰ ਜੀ ਨੇ ਕਿਸ ਪਿੰਡ ਦੀ ਜ਼ਮੀਨ ਮੁੱਲ ਖਰੀਦੀ?

**ਉੱਤਰ:** ਮਾਖੋਵਾਲ ਪਿੰਡ ਦੀ।

**ਪ੍ਰਸ਼ਨ 18.** ਸ੍ਰੀ ਅਨੰਦਪੁਰ ਸਾਹਿਬ ਦਾ ਪਹਿਲਾ ਨਾਂ ਕੀ ਸੀ?

**ਉੱਤਰ:** ਚੱਕ ਮਾਤਾ ਨਾਨਕੀ ਜੀ।

**ਪ੍ਰਸ਼ਨ 19.** ਸ੍ਰੀ ਅਨੰਦਪੁਰ ਸਾਹਿਬ ਕਿਸ ਗੁਰੂ ਨੇ ਕਦੋਂ ਵਸਾਇਆ?

**ਉੱਤਰ:** ਗੁਰੂ ਤੇਗ ਬਹਾਦਰ ਜੀ ਨੇ 1665 ਈ: ਵਿੱਚ।

**ਪ੍ਰਸ਼ਨ 20.** ਧਮਧਾਣ ਦੇ ਸਿੱਖ ਭਾਈ ਰਾਮਦੇਵ ਜੀ ਨੂੰ ਗੁਰੂ ਜੀ ਨੇ ਕੀ ਨਾਂ ਦਿੱਤਾ?

**ਉੱਤਰ:** ਭਾਈ ਮੀਹਾਂ ਜੀ।

**ਪ੍ਰਸ਼ਨ 21.** ਅਸਾਮ ਵਿਖੇ ਗੁਰੂ ਜੀ ਨੇ ਕਿਹੜੇ ਰਾਜਿਆਂ ਦੀ ਸੁਲ੍ਹਾ ਕਰਾਈ?

**ਉੱਤਰ:** ਰਾਜਾ ਰਾਮ ਸਿੰਘ ਅਤੇ ਰਾਜਾ ਚਕ੍ਰ ਧਵੱਜ ਦੀ।

**ਪ੍ਰਸ਼ਨ 22.** ਰਾਜਾ ਚਕ੍ਰ ਧਵੱਜ ਕਿਸ ਕਬੀਲੇ ਦਾ ਸਰਦਾਰ ਸੀ?

**ਉੱਤਰ:** ਅਹੋਮੀ ਕਬੀਲੇ ਦਾ।

**ਪ੍ਰਸ਼ਨ 23.** ਗੁਰੂ ਤੇਗ ਬਹਾਦਰ ਸਮੇਂ ਕਿਹੜਾ ਮੁਗਲ ਰਾਜਾ ਹਿੰਦੂਆਂ ਤੇ ਜ਼ੁਲਮ ਕਰਦਾ ਸੀ?

**ਉੱਤਰ:** ਔਰੰਗਜ਼ੇਬ।

**ਪ੍ਰਸ਼ਨ 24.** ਕਿਸ ਗਵਰਨਰ ਨੇ ਕਸ਼ਮੀਰ ਦੇ ਪੰਡਤਾਂ ਤੇ ਜ਼ੁਲਮ ਕੀਤੇ?

**ਉੱਤਰ:** ਸ਼ੇਰ ਅਫ਼ਗਾਨ ਖ਼ਾਂ ਨੇ।

**ਪ੍ਰਸ਼ਨ 25.** ਕਸ਼ਮੀਰੀ ਪੰਡਤਾਂ ਨੇ ਕਿਸ ਗੁਰੂ ਕੋਲ਼ ਫਰਿਆਦ ਕੀਤੀ?

**ਉੱਤਰ:** ਗੁਰੂ ਤੇਗ ਬਹਾਦਰ ਜੀ ਕੋਲ।

**ਪ੍ਰਸ਼ਨ 26.** ਗੁਰੂ ਤੇਗ ਬਹਾਦਰ ਜੀ ਨਾਲ਼ ਕਿਹੜੇ ਸਿੱਖ ਸ਼ਹੀਦ ਕੀਤੇ ਗਏ?

**ਉੱਤਰ:** ਭਾਈ ਮਤੀ ਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ।

**ਪ੍ਰਸ਼ਨ 27.** ਗੁਰੂ ਤੇਗ ਬਹਾਦਰ ਜੀ ਕਦੋਂ ਅਤੇ ਕਿੱਥੇ ਸ਼ਹੀਦ ਕੀਤੇ ਗਏ?

**ਉੱਤਰ:** 11 ਨਵੰਬਰ 1675 ਈ: ਨੂੰ ਚਾਂਦਨੀ ਚੌਂਕ ਦਿੱਲੀ ਵਿਖੇ।

**ਪ੍ਰਸ਼ਨ 28.** ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕਿਸਨੇ ਕੀਤਾ?

**ਉੱਤਰ:** ਲੱਖੀ ਸ਼ਾਹ ਵਣਜਾਰੇ ਨੇ।

**ਪ੍ਰਸ਼ਨ 29.** ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਕੌਣ ਲੈ ਕੇ ਆਇਆ?

**ਉੱਤਰ:** ਭਾਈ ਜੈਤਾ ਜੀ।

**ਪ੍ਰਸ਼ਨ 30.** ਚਾਂਦਨੀ ਚੌਂਕ ਵਿਖੇ ਕਿਹੜਾ ਗੁਰਦੁਆਰਾ ਹੈ?

**ਉੱਤਰ:** ਗੁਰਦੁਆਰਾ ਸੀਸ ਗੰਜ।

**ਪ੍ਰਸ਼ਨ 31.** ਗੁਰਦੁਆਰਾ ਰਕਾਬ ਗੰਜ ਕਿੱਥੇ ਹੈ?

**ਉੱਤਰ:** ਦਿੱਲੀ ਵਿਖੇ।

❖❖❖❖❖❖

# ਕੁੱਝ ਆਮ ਪ੍ਰਸ਼ਨ

**ਪ੍ਰਸ਼ਨ 1.** ਖਾਲਸਾ ਕੌਣ ਹੈ?

**ਉੱਤਰ :** ਉਹ ਗੁਰਸਿੱਖ ਜਿਸਦਾ ਸਬੰਧ ਸਿੱਧਾ ਅਕਾਲ ਪੁਰਖ ਨਾਲ ਜੁੜਿਆ ਹੁੰਦਾ ਹੈ।

**ਪ੍ਰਸ਼ਨ 2.** ਦਇਆ ਕੀ ਹੈ?

**ਉੱਤਰ :** ਕਿਸੇ ਪ੍ਰਾਣੀ ਨੂੰ ਦੁਖੀ ਦੇਖ ਕੇ ਮਨ ਦਾ ਪਿੰਘਰ ਜਾਣਾ।

**ਪ੍ਰਸ਼ਨ 3.** ਖ਼ਿਮਾ ਕੀ ਹੈ?

**ਉੱਤਰ :** ਅਪਰਾਧੀ ਨੂੰ ਮੁਆਫ਼ ਕਰ ਦੇਣਾ ਖ਼ਿਮਾ ਹੈ।

**ਪ੍ਰਸ਼ਨ 4.** ਸਹਿਜ ਪਾਠ ਕਿਸਨੂੰ ਕਹਿੰਦੇ ਹਨ?

**ਉੱਤਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਹਿਜੇ ਸਹਿਜੇ ਕਰਨ ਤੋਂ ਭਾਵ ਸਹਿਜ ਪਾਠ ਹੈ। ਹਰ ਸਿੱਖ ਆਪਣਾ ਸਹਿਜ ਪਾਠ ਰੱਖੇ ਤੇ ਜਿੰਨੇ ਸਮੇਂ ਵਿੱਚ ਹੋ ਸਕੇ ਭੋਗ ਪਾ ਲਵੇ।

**ਪ੍ਰਸ਼ਨ 5.** ਸਿੱਖ ਦੀ ਸਖ਼ਸੀ ਰਹਿਣੀ ਦੇ ਕਿਹੜੇ ਕਿਹੜੇ ਅੰਗ ਹਨ?

**ਉੱਤਰ :** (1) ਨਾਮ ਬਾਣੀ ਦਾ ਅਭਿਆਸ (2) ਗੁਰਮਤਿ ਦੀ ਰਹਿਣੀ (3) ਸੇਵਾ।

**ਪ੍ਰਸ਼ਨ 6.** ਗੁਰਮਤਿ ਦੇ ਕੁੱਝ ਅੰਗ ਲਿਖੋ।

**ਉੱਤਰ :** (1) ਇੱਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

(2) ਆਪਣੀ ਸ਼ਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਹਿਬਾਨ ਤੇ ਉਨ੍ਹਾਂ ਦੀ ਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਣਾ।

(3) ਦਸ ਗੁਰੂ ਸਹਿਬਾਨ ਨੂੰ ਇੱਕੋ ਜੋਤ ਦਾ ਪ੍ਰਕਾਸ਼ ਇੱਕੋ ਰੂਪ ਕਰਕੇ ਮੰਨਣਾ।

(4) ਹਰ ਇੱਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰਨੀ।

(5) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

(6) ਸਿੱਖ ਲਈ ਗੁਰਮੁਖੀ ਵਿੱਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਸਿੱਖਿਆ ਵੀ ਪੜ੍ਹੇ।

(7) ਸੰਤਾਨ ਨੂੰ ਗੁਰਸਿੱਖੀ ਦੀ ਵਿੱਦਿਆ ਦਿਵਾਉਣਾ ਸਿੱਖ ਦਾ ਮੁੱਢਲਾ ਫਰਜ਼ ਹੈ।

(8) ਗੁਰੂ ਅਸਥਾਨਾਂ ਤੋਂ ਬਿਨਾਂ ਕਿਸੇ ਅਨਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਨਹੀਂ ਮੰਨਣਾ।

(ਚੱਲਦਾ)

(ਛਿਮਾਹੀ-ਦੂਜੀ, ਅਕਤੂਬਰ ਤੋਂ ਮਾਰਚ)

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ। ਆਪ ਜੀ ਦਾ ਜਨਮ 22 ਦਸੰਬਰ 1666 ਈ: ਨੂੰ ਪਟਨਾ ਵਿਖੇ ਮਾਤਾ ਗੁਜਰ ਕੌਰ ਦੀ ਕੁੱਖੋਂ ਗੁਰੂ ਤੇਗ ਬਹਾਦਰ ਜੀ ਦੇ ਘਰ ਹੋਇਆ। ਇਸ ਸਮੇਂ ਆਪ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਢਾਕੇ (ਬੰਗਾਲ) ਵੱਲ ਧਰਮ ਪ੍ਰਚਾਰ ਕਰਨ ਗਏ ਹੋਏ ਸਨ। ਗੁਰੂ ਤੇਗ ਬਹਾਦਰ ਜੀ ਨੂੰ ਸਾਹਿਬਜ਼ਾਦੇ ਦੇ ਜਨਮ ਦੀ ਖ਼ਬਰ ਢਾਕੇ ਪੁੱਜੀ। ਗੁਰੂ ਤੇਗ ਬਹਾਦਰ ਜੀ ਦੇ ਬਚਨਾਂ ਨਾਲ ਆਪ ਜੀ ਦਾ ਨਾਮ ਗੋਬਿੰਦ ਰਾਏ ਰੱਖਿਆ।

**ਬਚਪਨ ਦੇ ਕੌਤਕ**:- ਪਟਨਾ ਨਿਵਾਸ ਸਮੇਂ ਆਪ ਜੀ ਦੇ ਕੌਤਕ ਬੜੇ ਅਸਚਰਜ ਸਨ। ਬਚਪਨ ਸਮੇਂ ਆਪ ਜੀ ਨੇ ਪਿੰਡ ਠਸਕਾ ਜ਼ਿਲ੍ਹਾ ਕਰਨਾਲ ਦੇ ਰਹਿਣ ਵਾਲ਼ੇ ਸੱਯਦ ਭੀਖਣ ਸ਼ਾਹ ਦੁਆਰਾ ਪੇਸ਼ ਕੀਤੀਆਂ ਦੋ ਕੁੱਜੀਆਂ ਤੇ ਦੋਨੋਂ ਹੱਥ ਰੱਖ ਕੇ ਉਸਨੂੰ ਨਿਹਾਲ ਕੀਤਾ। ਪਟਨੇ ਦਾ ਪੰਡਤ ਸ਼ਿਵਦੱਤ ਆਪ ਜੀ ਨੂੰ ਭਗਵਾਨ ਦਾ ਰੂਪ ਜਾਣ ਕੇ ਸਤਿਕਾਰਦਾ ਸੀ। ਪਟਨਾ ਵਿਖੇ ਹੀ ਦੋ ਮੁਸਲਮਾਨ ਭਰਾ ਨਵਾਬ ਰਹੀਮ ਬਖ਼ਸ਼ ਅਤੇ ਨਵਾਬ ਕਰੀਮ ਬਖ਼ਸ਼ ਆਪ ਜੀ ਦੇ ਸ਼ਰਧਾਲੂ ਸਨ। ਇਨ੍ਹਾਂ ਭਰਾਵਾਂ ਨੇ ਗੁਰੂ ਜੀ ਨੂੰ ਇੱਕ ਪਿੰਡ ਅਤੇ ਦੋ ਬਾਗ ਭੇਟਾ ਕੀਤੇ । ਇਹ ਹੁਣ ਤੱਕ ਪਟਨਾ ਸਾਹਿਬ ਦੇ ਨਾਂ ਜਗੀਰ ਹਨ। ਰਾਜਾ ਫਤਿਹ ਚੰਦ ਮੈਣੀ ਦੀ ਰਾਣੀ ਦੀ ਪੁੱਤ ਤੋਂ ਸੱਖਣੀ ਗੋਦ ਵਿੱਚ ਬੈਠ ਕੇ ਆਪ ਜੀ ਨੇ ਰਾਣੀ ਨੂੰ ਨਿਹਾਲ ਕੀਤਾ। ਰਾਣੀ ਦੇ ਘਰ ਦੇ ਸਥਾਨ 'ਤੇ ਅੱਜ ਕੱਲ ਗੁਰਦੁਆਰਾ ਮੈਣੀ ਸੰਗਤ ਹੈ। ਛੋਟੀ ਉਮਰੇ ਆਪ ਸਾਥੀ ਬੱਚਿਆਂ ਨਾਲ਼ ਗੰਗਾ ਦਰਿਆ ਕਿਨਾਰੇ ਵੀ ਖੇਡਣ ਜਾਇਆ ਕਰਦੇ ਸਨ। ਗੁਰੂ ਜੀ ਦੇ ਸਾਥੀ ਬੱਚੇ ਵੀ ਨਿਡਰ ਬਣ ਗਏ ਸਨ । ਪਟਨੇ ਦੇ ਨਵਾਬ ਦੀ ਸਵਾਰੀ ਆਉਂਦੀ ਦੇਖ ਕੇ ਆਪ ਜੀ ਦੇ ਸਾਥੀ ਬੱਚੇ ਨਵਾਬ ਨੂੰ ਮੂੰਹ ਚਿੜ੍ਹਾ ਦਿਆ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਕਹਿਣ ਤੇ ਆਪ ਪੰਜ ਸਾਲ ਦੀ ਉਮਰ ਵਿੱਚ ਮਾਤਾ ਗੁਜਰੀ, ਮਾਮਾ ਕਿਰਪਾਲ ਚੰਦ ਅਤੇ ਸੰਗਤਾਂ ਸਮੇਤ ਪਟਨੇ ਤੋਂ ਸ੍ਰੀ ਅਨੰਦਪੁਰ ਸਾਹਿਬ ਆ ਗਏ।

**ਵਿੱਦਿਆ**:- ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਪੁੱਤਰ ਦੀ ਸਿੱਖਿਆ, ਸਿਖਲਾਈ ਤੇ ਪਾਲਣਾ ਸੰਭਾਲ਼ ਲਈ ਵਿਸ਼ੇਸ਼ ਪ੍ਰਬੰਧ ਕੀਤੇ । ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਮੁਹੰਮਦ ਤੋਂ ਫ਼ਾਰਸੀ, ਭਾਈ ਸਾਹਿਬ ਚੰਦ ਤੋਂ ਗੁਰਮੁਖੀ ਅਤੇ ਪੰਡਤ ਕਿਰਪਾ

ਰਾਮ ਤੋਂ ਸੰਸਕ੍ਰਿਤ ਦੀ ਵਿੱਦਿਆ ਸਿੱਖੀ। ਗੁਰੂ ਜੀ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਵਿੱਚ ਵੀ ਨਿਪੁੰਨ ਹੋ ਗਏ।

**ਕਸ਼ਮੀਰੀ ਪੰਡਤਾਂ ਦੀ ਫਰਿਆਦ**:–ਔਰੰਗਜ਼ੇਬ ਦੇ ਜ਼ੁਲਮਾਂ ਦੇ ਸਤਾਏ ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ ਬਹਾਦਰ ਜੀ ਕੋਲ ਹਿੰਦੂ ਧਰਮ ਨੂੰ ਬਚਾਉਣ ਲਈ ਫਰਿਆਦ ਕੀਤੀ। ਨੌਂ ਸਾਲ ਦੀ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਦੁਖੀ ਹਿੰਦੂਆਂ ਦੇ ਧਰਮ ਨੂੰ ਬਚਾਉਣ ਖਾਤਰ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਹੋਣ ਲਈ ਦਿੱਲੀ ਵੱਲ ਤੋਰਿਆ।

**ਗੁਰਿਆਈ**:– ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਬਾਬਾ ਬੁੱਢਾ ਜੀ ਦੀ ਬੰਸ ਵਿੱਚੋ ਬਾਬਾ ਰਾਮ ਕੁਇਰ ਜੀ ਨੇ ਮਰਿਆਦਾ ਅਨੁਸਾਰ ਆਪ ਜੀ ਨੂੰ ਜਿਗ੍ਹਾ ਕਲਗੀ ਸਜਾ ਕੇ, ਸ੍ਰੀ ਸਾਹਿਬ ਗਾਤਰੇ ਪਹਿਨਾ ਕੇ ਅਤੇ ਗੁਰਗੱਦੀ ਦਾ ਤਿਲਕ ਦੇ ਕੇ ਗੁਰਿਆਈ ਦੀ ਰਸਮ ਅਦਾ ਕੀਤੀ।

**ਵਿਆਹ ਅਤੇ ਸੰਤਾਨ**:– ਮਾਤਾ ਸੁੰਦਰ ਕੌਰ ਜੀ ਆਪ ਜੀ ਦੀ ਸੁਪਤਨੀ ਸਨ। ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਆਪ ਜੀ ਦੇ ਸਪੁੱਤਰ ਸਨ।

**ਗੁਰੂ ਜੀ ਦੀਆਂ ਜੰਗੀ ਤਿਆਰੀਆਂ**:– ਗੁਰੂ ਤੇਗ ਬਹਾਦਰ ਜੀ ਦੁਆਰਾ ਵਸਾਏ ਨਗਰ ਦਾ ਆਪ ਜੀ ਦੇ ਸਮੇਂ ਸ੍ਰੀ ਅਨੰਦਪੁਰ ਸਹਿਬ ਪੈ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਗਰ ਦੀ ਕਿਲ੍ਹਾ ਬੰਦੀ ਆਰੰਭ ਕਰ ਦਿੱਤੀ। ਕਿਲ੍ਹਿਆਂ ਦੀ ਉਸਾਰੀ ਕਰਾਈ ਗਈ। ਸਿੱਖਾਂ ਨੇ ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਦੀ ਸਿਖਲਾਈ ਬੜੇ ਜ਼ੋਰ ਨਾਲ ਆਰੰਭ ਕਰ ਦਿੱਤੀ। ਅਨੰਦਪੁਰ ਸਾਹਿਬ ਵਿਖੇ ਸ਼ਸਤਰ ਬਣਾਉਣ ਦੇ ਕਾਰਖ਼ਾਨੇ ਵੀ ਲਾਏ ਗਏ। 1682 ਈ: ਵਿੱਚ ਗੁਰੂ ਜੀ ਨੇ ਰਣਜੀਤ ਨਗਾਰਾ ਤਿਆਰ ਕਰਵਾਇਆ। ਕਿਲ੍ਹਿਆਂ ’ਤੇ ਨਿਸ਼ਾਨ ਸਾਹਿਬ ਝੁਲਾਏ ਗਏ। ਪਹਾੜੀ ਰਾਜੇ ਗੁਰੂ ਜੀ ਦਾ ਜਸ ਬਰਦਾਸ਼ਤ ਨਾ ਕਰ ਸਕੇ। ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ਼ ਈਰਖ਼ਾ ਕਰਨੀ ਸ਼ੁਰੂ ਕਰ ਦਿੱਤੀ।

**ਪਾਉਂਟਾ ਸਾਹਿਬ ਦੀ ਸਥਾਪਨਾ**: – ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨ ਕੇ ਗੁਰੂ ਜੀ ਅਨੰਦਪੁਰ ਸਾਹਿਬ ਤੋਂ ਨਾਹਨ ਚਲੇ ਗਏ। 1685 ਈ: ਨੂੰ ਆਪ ਜੀ ਨੇ ਜਮਨਾ ਦਰਿਆ ਕਿਨਾਰੇ ਇੱਕ ਕਿਲ੍ਹੇ ਦੀ ਰਚਨਾ ਕੀਤੀ। ਇਸ ਦਾ ਨਾਂ ਪਾਉਂਟਾ

ਰੱਖਿਆ ਗਿਆ। ਪਾਉਂਟਾ ਸਾਹਿਬ ਦੀ ਧਰਤੀ ਵਿਖੇ ਗੁਰੂ ਜੀ ਨੇ ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਸਵੱਈਏ ਆਦਿਕ ਬਾਣੀਆਂ ਦੀ ਰਚਨਾ ਕੀਤੀ। ਇੱਥੇ ਹੀ ਗੁਰੂ ਜੀ ਨੇ ਮੇਦਨੀ ਪ੍ਰਕਾਸ਼ ਰਾਜੇ ਦੀ ਗੜ੍ਹਵਾਲ ਦੇ ਰਾਜੇ ਫਤਿਹ ਸ਼ਾਹ ਨਾਲ ਸੁਲ੍ਹਾ ਕਰਾਈ। ਪਾਉਂਟਾ ਸਾਹਿਬ ਵਿਖੇ ਆਪ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ। ਇੱਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ।

**ਭੰਗਾਣੀ ਦਾ ਯੁੱਧ**:- ਗੁਰੂ ਗੋਬਿੰਦ ਸਿੰਘ ਜੀ ਦਾ ਤੇਜ਼ ਪ੍ਰਤਾਪ ਵਧਦਾ ਦੇਖ ਦੇ ਪਹਾੜੀ ਰਾਜੇ ਈਰਖਾ ਅਤੇ ਡਰ ਨਾਲ਼ ਭਰ ਗਏ। ਕਹਿਲੂਰ ਦਾ ਰਾਜਾ ਭੀਮ ਚੰਦ ਗੁਰੂ ਜੀ ਨਾਲ ਕੁੱਝ ਜ਼ਿਆਦਾ ਹੀ ਖ਼ਾਰ ਖਾਂਦਾ ਸੀ ।ਅਨੰਦਪੁਰ ਉਸਦੀ ਰਿਆਸਤ ਵਿੱਚ ਹੀ ਸੀ। ਗੜ੍ਹਵਾਲ ਦੇ ਰਾਜੇ ਦੀ ਲੜਕੀ ਨਾਲ ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਦਾ ਵਿਆਹ ਸੀ। ਵਿਆਹ ਤੋਂ ਬਾਅਦ ਰਾਜਿਆਂ ਨੇ ਵਾਧੂ ਜਿਹਾ ਬਹਾਨਾ ਲੱਭ ਕੇ ਗੁਰੂ ਜੀ ਤੇ ਹਮਲਾ ਬੋਲ ਦਿੱਤਾ।

ਗੁਰੂ ਜੀ ਨੇ ਪਾਉਂਟੇ ਤੋਂ ਸੱਤ ਕੁ ਮੀਲ ਪੂਰਬ ਵੱਲ ਭੰਗਾਣੀ ਪਿੰਡ ਪਾਸ ਵੈਰੀਆਂ ਦਾ ਟਾਕਰਾ ਕਰਨ ਦਾ ਫੈਸਲਾ ਕੀਤਾ। 15 ਅਪਰੈਲ 1687 ਈ: ਨੂੰ ਭੰਗਾਣੀ ਦੇ ਮੈਦਾਨ ਵਿੱਚ ਗੁਰੂ ਜੀ ਦਾ ਵੈਰੀਆਂ ਨਾਲ ਪਹਿਲਾ ਯੁੱਧ ਆਰੰਭ ਹੋ ਗਿਆ। ਇੱਕ ਪਾਸੇ ਗੁਰੂ ਜੀ, ਕੁੱਝ ਸਿੱਖ, ਮਹੰਤ ਕਿਰਪਾਲ ਦਾਸ, ਅਤੇ ਪੀਰ ਬੁੱਧੂ ਸ਼ਾਹ ਆਪਣੇ ਮੁਰੀਦਾਂ ਸਮੇਤ ਸੀ। ਦੂਜੇ ਪਾਸੇ ਰਾਜਾ ਭੀਮ ਚੰਦ ਕਹਿਲੂਰੀਆ, ਰਾਜਾ ਕੇਸਰੀ ਚੰਦ ਜਸਵਾਲੀਆ, ਰਾਜਾ ਸੁਖਦਿਆਲ ਜਸਰੋਟੀਆ, ਰਾਜਾ ਹਰੀ ਚੰਦ ਹੰਡੂਰੀਆ, ਰਾਜਾ ਪ੍ਰਿਥੀਚੰਦ ਡਡਵਾਲੀਆ ਅਤੇ ਰਾਜਾ ਫ਼ਤਿਹ ਸ਼ਾਹ ਗੜ੍ਹਵਾਲੀਆ ਆਪਣੀਆਂ ਹਜ਼ਾਰਾਂ ਫੌਜਾਂ ਸਮੇਤ ਸਨ। ਘਸਮਾਣ ਦਾ ਜੰਗ ਹੋਣਾ ਆਰੰਭ ਹੋ ਗਿਆ। ਸੈਂਕੜਿਆਂ ਦੀ ਗਿਣਤੀ 'ਚ ਵੈਰੀ ਮਰਨ ਲੱਗੇ। ਰਾਜਾ ਹਰੀ ਚੰਦ ਦੇ ਤੀਰ ਨੇ ਗੁਰੂ ਜੀ ਦੇ ਪਾਵਨ ਸਰੀਰ ਤੇ ਮਾਮੂਲੀ ਜਖ਼ਮ ਕੀਤਾ। ਪਰ ਗੁਰੂ ਜੀ ਦੇ ਤੀਰ ਦੇ ਇੱਕੋ ਨਿਸ਼ਾਨੇ ਨਾਲ ਰਾਜ ਹਰੀ ਚੰਦ ਹੰਡੂਰੀਏ ਦਾ ਸਿਰ ਵਿੰਨ੍ਹਿਆ ਗਿਆ। ਰਾਜੇ ਨੂੰ ਡਿੱਗਦਾ ਦੇਖ ਕੇ ਦੁਸ਼ਮਣਾਂ ਦੀਆਂ ਫੌਜਾਂ ਵਿੱਚ ਹਾਹਾਕਾਰ ਮੱਚ ਗਿਆ। ਮਹੰਤ ਕਿਰਪਾਲ ਦਾਸ ਨੇ ਆਪਣੇ ਕੁਤਕੇ ਨਾਲ ਪਠਾਣ ਹਯਾਤ ਖਾਂ ਦਾ ਸਿਰ ਫੇਹ ਦਿੱਤਾ। ਵੈਰੀ ਦੌੜ ਗਏ। ਪਹਿਲੇ ਹੀ ਜੰਗ ਵਿੱਚ ਜਿੱਤ ਗੁਰੂ ਜੀ ਦੇ ਹੱਥ ਲੱਗੀ। ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਦੇ ਦੋ ਪੁੱਤਰ ਸੰਗੋ ਸ਼ਾਹ ਤੇ ਜੀਤ ਮੱਲ, ਕਈ

ਸਿੱਖ, ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਅਤੇ ਕੁੱਝ ਮੁਰੀਦ ਇਸ ਜੰਗ ਵਿੱਚ ਸ਼ਹੀਦ ਹੋ ਗਏ। ਪੀਰ ਬੁੱਧੂ ਸ਼ਾਹ ਦੀ ਕੁਰਬਾਨੀ 'ਤੇ ਗੁਰੂ ਜੀ ਨੇ ਉਸਨੂੰ ਦਸਤਾਰ, ਰੋਮਾਂ ਸਮੇਤ ਕੰਘਾ, ਕਿਰਪਾਨ ਅਤੇ ਹੁਕਮਨਾਮਾ ਬਖ਼ਸ਼ਿਆ ।ਗੁਰੂ ਜੀ ਨੇ ਆਪਣੀ ਸ੍ਵੈ ਜੀਵਨੀ ਬਚਿੱਤਰ ਨਾਟਕ ਵਿੱਚ ਇਸ ਜੰਗ ਦਾ ਬਾਖ਼ੂਬੀ ਵਰਣਨ ਕੀਤਾ ਹੈ। ਇਸ ਜੰਗ ਮਗਰੋਂ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ।

**ਨਦੌਣ ਯੁੱਧ**:- ਪਹਾੜੀ ਰਾਜਿਆਂ ਨੇ ਕਈ ਸਾਲਾਂ ਤੋਂ ਔਰੰਗਜ਼ੇਬ ਨੂੰ ਟੈਕਸ ਅਦਾ ਨਹੀਂ ਕੀਤਾ ਸੀ। ਫ਼ੌਜਦਾਰ ਮੀਆਂ ਖ਼ਾਂ ਦਾ ਭਤੀਜਾ ਅਲਫ਼ ਖ਼ਾਂ ਰਾਜਿਆਂ ਤੋਂ ਟੈਕਸ ਵਸੂਲਣ ਲਈ ਆ ਚੜ੍ਹਿਆ। ਰਾਜੇ ਟੈਕਸ ਅਦਾ ਕਰਨ ਦੇ ਯੋਗ ਨਹੀ ਸਨ। ਰਾਜੇ ਭੀਮ ਚੰਦ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ। ਬਖ਼ਸ਼ੰਦ ਪਾਤਸ਼ਾਹ ਨੇ ਹਾਂ ਕਰ ਦਿੱਤੀ। 1690 ਈ: ਨੂੰ ਨਦੌਣ ਪਾਸ ਅਲਫ਼ ਖ਼ਾਂ ਨੂੰ ਹਰਾ ਕੇ ਗੁਰੂ ਜੀ ਨੇ ਪਹਾੜੀਆਂ ਲਈ ਜੰਗ ਜਿੱਤਿਆ।

**ਹੁਸੈਨੀ ਯੁੱਧ**:- ਲਾਹੌਰ ਦੇ ਸੂਬੇ ਦਾ ਗੁਲਾਮ ਹੁਸੈਨ ਖਾਂ ਦੋ ਹਜ਼ਾਰ ਫੌਜ ਲੈ ਕੇ ਗੁਰੂ ਜੀ ਵੱਲ ਆਇਆ। ਪਹਾੜੀ ਰਾਜੇ ਵੀ ਉਸ ਨਾਲ਼ ਰਲ ਗਏ। ਹੁਸੈਨ ਖਾਂ ਨੇ ਪਹਿਲਾਂ ਫੌਜਾਂ ਗੁਲੇਰੀਏ ਰਾਜੇ ਵੱਲ ਚਾੜ੍ਹੀਆਂ। ਗੁਲੇਰੀਏ ਰਾਜੇ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ। ਗੁਰੂ ਜੀ ਨੇ ਭਾਈ ਸੰਗਤੀਆ ਸਿੰਘ ਦੀ ਕਮਾਨ ਹੇਠ ਸਿੱਖਾਂ ਦਾ ਜਥਾ ਭੇਜਿਆ। ਘਸਮਾਣ ਦਾ ਜੰਗ ਹੋਇਆ। ਹੁਸੈਨ ਖਾਂ, ਕਿਰਪਾਲ ਚੰਦ ਕਟੋਚੀਆ ਅਤੇ ਕਈ ਪਹਾੜੀ ਸਰਦਾਰ ਮਾਰੇ ਗਏ। ਭਾਈ ਸੰਗਤੀਆ ਸਿੰਘ ਵੀ ਸੱਤ ਸਾਥੀਆਂ ਸਮੇਤ ਸ਼ਹੀਦ ਹੋ ਗਿਆ ।ਸਿੱਖਾਂ ਦੀ ਜਿੱਤ ਹੋਈ।

ਸਹਿਜ਼ਾਦਾ ਮੁਅੱਜ਼ਮ ਨੇ ਗੁਰੂ ਜੀ ਵੱਲ ਕੀਤੀ ਚੜ੍ਹਾਈ ਭਾਈ ਨੰਦ ਲਾਲ ਦੇ ਕਹਿਣ 'ਤੇ ਰੋਕ ਦਿੱਤੀ ।ਸਹਿਜ਼ਾਦਾ ਲਾਹੌਰ ਵਿਖੇ ਹੀ ਟਿਕ ਗਿਆ।

**ਮਸੰਦਾਂ ਦੀ ਸੋਧ**:- ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਲਈ ਮੰਜੀ ਪ੍ਰਥਾ ਅਪਣਾਈ ।ਗੁਰੂ ਰਾਮਦਾਸ ਜੀ ਸਮੇਂ ਮੰਜੀ ਪ੍ਰਥਾ ਨੇ ਮਸੰਦ ਪ੍ਰਥਾ ਦਾ ਰੂਪ ਧਾਰਨ ਕਰ ਲਿਆ ਸੀ। ਇਹ ਪ੍ਰਥਾ ਗੁਰੂ ਤੇਗ ਬਹਾਦਰ ਜੀ ਤੱਕ ਇਸੇ ਤਰ੍ਹਾਂ ਜਾਰੀ ਰਹੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਇਸ ਪ੍ਰਥਾ ਵਿੱਚ ਵਿਗਾੜ ਪੈ ਚੁੱਕਿਆ ਸੀ। ਸੰਗਤਾਂ ਤੋਂ ਦਸਵੰਧ ਇੱਕਠਾ ਕਰਕੇ ਗੁਰੂ ਜੀ ਨੂੰ ਦੇਣ ਵਾਲ਼ੇ ਮਸੰਦਾਂ ਦਾ ਆਪਣਾ ਜੀਵਨ ਬਰਬਾਦ ਹੋ ਚੁੱਕਿਆ ਸੀ। ਉਨ੍ਹਾਂ ਦੇ ਸੁਭਾਅ ਲਾਲਚੀ ਹੋ ਚੁੱਕੇ ਸਨ। ਮਸੰਦ ਐਬਾਂ ਵਿੱਚ ਫਸ ਗਏ। ਗੁਰੂ ਜੀ ਨੇ ਇਸ ਪ੍ਰਥਾ ਨੂੰ ਬੰਦ ਕਰ ਦਿੱਤਾ ।ਸੰਗਤਾਂ ਨੂੰ ਤੰਗ ਕਰਨ

ਵਾਲੇ ਕਈ ਬਦਚੱਲਣ ਮਸੰਦਾਂ ਨੂੰ ਗੁਰੂ ਜੀ ਨੇ ਸਖ਼ਤ ਸਜ਼ਾਵਾਂ ਦਿੱਤੀਆਂ। ਗੁਰੂ ਜੀ ਨੇ ਸੰਗਤਾਂ ਨੂੰ ਆਪਣਾ ਦਸਵੰਧ ਸਿੱਧੇ ਤੌਰ 'ਤੇ ਭੇਜਣ ਲਈ ਹੁਕਮਨਾਮੇ ਭੇਜੇ।

**ਖਾਲਸਾ ਪੰਥ ਦੀ ਸਾਜਨਾ**:- ਗੁਰੂ ਜੀ ਨੇ ਦੂਰ -ਨੇੜੇ ਦੇ ਸਿੱਖਾਂ ਨੂੰ ਸੁਨੇਹੇ ਅਤੇ ਹੁਕਮਨਾਮੇ ਭੇਜ ਕੇ 30 ਮਾਰਚ 1699 ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦਾ ਇੱਕ ਮਹਾਨ ਇਕੱਠ ਕੀਤਾ। ਵਿਸਾਖੀ ਦਾ ਦਿਨ ਸੀ। ਇਤਿਹਾਸਕਾਰਾਂ ਨੇ ਸਿੱਖ ਸੰਗਤਾਂ ਦੀ ਗਿਣਤੀ 80,000 ਦੇ ਕਰੀਬ ਲਿਖੀ ਹੈ। ਸਿੱਖਾਂ ਦੇ ਵਿਸ਼ਾਲ ਇਕੱਠ ਸਾਹਮਣੇ ਆਪਣੇ ਹੱਥ ਵਿੱਚ ਨੰਗੀ ਤਲਵਾਰ ਲੈ ਕੇ ਗੁਰੂ ਜੀ ਇੱਕ ਸੀਸ ਦੀ ਮੰਗ ਕਰਨ ਲੱਗੇ। ਦੀਵਾਨ ਵਿੱਚ ਚੁੱਪ ਛਾ ਗਈ। ਗੁਰੂ ਜੀ ਦੁਆਰਾ ਤਿੰਨ ਵਾਰ ਸੀਸ ਦੀ ਮੰਗ ਕਰਨ 'ਤੇ ਲਾਹੌਰ ਦੇ ਰਹਿਣ ਵਾਲ਼ੇ ਦਇਆ ਰਾਮ ਨੇ ਹੱਥ ਜੋੜ ਕੇ ਆਪਣਾ ਸਿਰ ਗੁਰੂ ਜੀ ਨੂੰ ਭੇਂਟ ਕਰ ਦਿੱਤਾ ।ਦਇਆ ਰਾਮ ਨੂੰ ਗੁਰੂ ਜੀ ਤੰਬੂ 'ਚ ਲੈ ਗਏ ।ਤੰਬੂ 'ਚੋਂ ਵਾਪਸ ਬਾਹਰ ਆਉਂਦਿਆਂ ਗੁਰੂ ਜੀ ਲਹੂ ਲਿਬੜੀ ਤਲਵਾਰ ਉਠਾ ਕੇ ਇੱਕ ਹੋਰ ਸਿਰ ਦੀ ਮੰਗ ਕਰਨ ਲੱਗੇ। ਇਸ ਤਰ੍ਹਾਂ ਵਾਰੋ ਵਾਰੀ ਕ੍ਰਮਵਾਰ ਧਰਮ ਦਾਸ, ਮੋਹਕਮ ਚੰਦ, ਹਿੰਮਤ ਚੰਦ ਅਤੇ ਸਾਹਿਬ ਚੰਦ ਨੇ ਆਪਣੇ ਸਿਰ ਗੁਰੂ ਜੀ ਨੂੰ ਭੇਂਟ ਕੀਤੇ। ਔਰੰਗਜ਼ੇਬ ਦੇ ਜਸੂਸ ਅਬੁਲ ਤੁਰਾਨੀ ਨੇ ਇਹ ਸਾਰਾ ਦ੍ਰਿਸ਼ ਆਪਣੇ ਅੱਖੀਂ ਦੇਖਿਆ। ਅਬੁਲ ਤੁਰਾਨੀ ਦੀ ਲਿਖਤ ਅਨੁਸਾਰ ਗੁਰੂ ਜੀ ਨੇ ਤੰਬੂ ਅੰਦਰ ਪੰਜ ਸਿੱਖਾਂ ਦੇ ਸਿਰ ਤਲਵਾਰ ਦੇ ਵਾਰਾਂ ਨਾਲ ਧੜਾਂ ਤੋਂ ਅਲੱਗ ਕੀਤੇ। ਫਿਰ ਅਗੰਮੀ ਸ਼ਕਤੀ ਨਾਲ ਸਿੱਖਾਂ ਨੂੰ ਦੁਬਾਰਾ ਜਿੰਦਾ ਕਰ ਦਿੱਤਾ। ਔਰੰਗਜ਼ੇਬ ਦੇ ਇਸ ਜਸੂਸ ਦੀ ਹੱਥ ਲਿਖਤ ਇਸ ਸਮੇਂ ਅਲੀਗੜ੍ਹ ਯੂਨੀਵਰਸਿਟੀ ਵਿੱਚ ਮੌਜੂਦ ਹੈ। ਗੁਰੂ ਜੀ ਨੇ ਪੰਜ ਸਿੱਖਾਂ ਨੂੰ ਸ਼ਸਤਰ-ਬਸਤਰ ਸਜਾ ਕੇ ਸੰਗਤਾਂ ਦੇ ਸਾਹਮਣੇ ਲਿਆਂਦਾ। ਸਤਿਗੁਰੂ ਸਰਬ ਲੋਹ ਦੇ ਬਾਟੇ 'ਚ ਨਿਰਮਲ ਜਲ ਅਤੇ ਪਤਾਸੇ ਪਾ ਕੇ ਬੀਰ ਆਸਣ ਹੋ ਕੇ ਖੰਡਾ ਫੇਰਨ ਲੱਗ ਪਏ। ਖੰਡਾ ਫੇਰਦਿਆਂ ਗੁਰੂ ਜੀ ਨੇ ਜਪੁਜੀ, ਜਾਪੁ, ਸੂਯੇ, ਚੌਪਈ ਅਤੇ ਅਨੰਦ ਸਾਹਿਬ ਦਾ ਪਾਠ ਕੀਤਾ। ਇੰਝ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਹੋ ਗਿਆ, ਜੋ ਗੁਰੂ ਜੀ ਨੇ ਪੰਜ ਸਿੱਖਾਂ ਨੂੰ ਛਕਾਇਆ। ਉਨ੍ਹਾਂ ਦੇ ਨਾਵਾਂ ਨਾਲ ਸਿੰਘ ਸ਼ਬਦ ਜੋੜ ਦਿੱਤਾ ਗਿਆ। ਪੰਜ ਸਿੰਘਾਂ ਨੂੰ ਰਹਿਤ ਮਰਿਯਾਦਾ ਦ੍ਰਿੜ ਕਰਾਈ ਗਈ। ਇਸ ਤਰ੍ਹਾਂ ਖਾਲਸਾ ਪੰਥ ਸਾਜਿਆ ਗਿਆ। ਫਿਰ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਤੋਂ ਖ਼ੁਦ ਵੀ ਅੰਮ੍ਰਿਤ ਛਕਿਆ। ਗੁਰੂ ਜੀ ਦਾ ਨਾਮ ਗੋਬਿੰਦ ਰਾਇ ਤੋਂ ਬਦਲ ਕੇ ਗੁਰੂ ਗੋਬਿੰਦ ਸਿੰਘ ਜੀ ਪੈ ਗਿਆ।

**ਹੋਲਾ ਮਹੱਲਾ ਮਨਾਉਣਾ**:- ਗੁਰੂ ਜੀ ਨੇ ਸਿੱਖਾਂ ਵਿੱਚ ਹੋਲੀ ਦੀ ਜਗ੍ਹਾ ਹੋਲਾ ਮਹੱਲਾ ਮਨਾਉਣ ਦੀ ਰੀਤ ਚਲਾਈ। ਹੋਲਾ ਤੋਂ ਮਤਲਬ ਹਮਲਾ ਅਤੇ ਮਹੱਲਾ ਤੋਂ ਮਤਲਬ ਹਮਲੇ ਦੀ ਥਾਂ ਹੈ।

**ਅਨੰਦਪੁਰ ਦੀ ਪਹਿਲੀ ਲੜਾਈ**:-ਦਸਵੇਂ ਪਾਤਸ਼ਾਹ ਦੀ ਅਗਵਾਈ 'ਚ ਖਾਲਸੇ ਦੀ ਚੜ੍ਹਦੀ ਕਲਾ ਮੁਗਲਾਂ ਅਤੇ ਪਹਾੜੀਆਂ ਤੋਂ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਨੇ ਗੁਰੂ ਜੀ ਅਤੇ ਖਾਲਸੇ 'ਤੇ ਹਮਲੇ ਸ਼ੁਰੂ ਕਰ ਦਿੱਤੇ। 1701 ਈ: ਵਿੱਚ ਸਰਹੰਦ ਦੇ ਸਬੇ ਨੇ ਦਸ ਹਜ਼ਾਰ ਫੌਜਾਂ ਸਮੇਤ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਘਸਮਾਣ ਦਾ ਯੁੱਧ ਆਰੰਭ ਹੋਇਆ । ਬਾਬਾ ਅਜੀਤ ਸਿੰਘ ਨੇ 14 ਸਾਲ ਦੀ ਉਮਰ 'ਚ ਤਲਵਾਰ ਦੇ ਬੜੇ ਜੌਹਰ ਦਿਖਾਏ। ਮੁਗਲਾਂ ਨੂੰ ਭਾਜੜਾਂ ਪੈ ਗਈਆਂ। ਸਿੰਘਾਂ ਦੀ ਜਿੱਤ ਹੋਈ।

**ਅਨੰਦਪੁਰ ਦੀ ਦੂਜੀ ਲੜਾਈ**:- ਪਹਾੜੀ ਫੌਜਾਂ ਨੇ 1702 ਈ: ਵਿੱਚ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ।ਪਹਾੜੀਆਂ ਨੇ ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਇੱਕ ਹਾਥੀ ਨੂੰ ਲੋਹੇ ਨਾਲ ਕੱਜ ਕੇ ਅਤੇ ਸ਼ਰਾਬ ਪਿਲਾ ਕੇ ਕਿਲ੍ਹੇ ਵੱਲ ਤੋਰ ਲਿਆ। ਭਾਈ ਮਨੀ ਸਿੰਘ ਜੀ ਦੇ ਸਪੁੱਤਰ ਭਾਈ ਬਚਿੱਤਰ ਸਿੰਘ ਨੇ ਗੁਰੂ ਜੀ ਦੇ ਥਾਪੜੇ ਨਾਲ ਘੋੜੇ ਦੀ ਸਵਾਰੀ ਕਰਦਿਆਂ ਨਾਗਣੀ ਬਰਛਾ ਹਾਥੀ ਦੇ ਮੱਥੇ ਵਿੱਚ ਖੋਭ ਦਿੱਤਾ । ਹਾਥੀ ਪਹਾੜੀ ਫੌਜਾਂ ਨੂੰ ਕੁਚਲਦਾ ਹੋਇਆ ਪਿਛਾਂਹ ਵੱਲ ਦੌੜ ਗਿਆ। ਭਾਈ ਬਚਿੱਤਰ ਸਿੰਘ ਦੇ ਭਰਾ ਭਾਈ ਉਦੈ ਸਿੰਘ ਨੇ ਰਾਜਾ ਕੇਸਰੀ ਚੰਦ ਦਾ ਸਿਰ ਵੱਢ ਲਿਆਂਦਾ ।ਖਾਲਸੇ ਦੀ ਜਿੱਤ ਹੋਈ।

**ਅਨੰਦਪੁਰ ਦੀ ਤੀਜੀ ਲੜਾਈ**:- 1703 ਈ: ਵਿੱਚ ਪਹਾੜੀ ਰਾਜਿਆਂ ਨੇ ਸੱਯਦ ਬੇਗ ਅਤੇ ਅਲਫ਼ ਖ਼ਾਂ ਜਰਨੈਲਾਂ ਨੂੰ ਗੁਰੂ ਜੀ ਵਿਰੁੱਧ ਚਾੜ੍ਹ ਲਿਆਂਦਾ ।ਸੱਯਦ ਬੇਗ ਤਾਂ ਜੰਗ ਸਮੇਂ ਹੀ ਗੁਰੂ ਜੀ ਦਾ ਸੇਵਕ ਬਣ ਗਿਆ। ਅਲਫ਼ ਖਾਂ ਹਾਰ ਖਾ ਕੇ ਵਾਪਸ ਦੌੜ ਗਿਆ। ਗੁਰੂ ਜੀ ਦੀਆਂ ਫੌਜਾਂ ਜਿੱਤ ਗਈਆ।

**ਅਨੰਦਪੁਰ ਦੀ ਚੌਥੀ ਲੜਾਈ**:- 1704 ਈ: ਵਿੱਚ ਮੁਗਲ ਸੈਨਾ ਅਤੇ ਪਹਾੜੀ ਸੈਨਾ ਨੇ ਜਬਰਦਸਤ ਘੇਰਾ ਪਾ ਲਿਆ। ਅਨੰਦਪੁਰ ਸਾਹਿਬ ਵਿਖੇ ਅਨਾਜ ਪਾਣੀ ਪਹੁੰਚਣਾ ਬੰਦ ਹੋ ਗਿਆ। ਗੁਰੂ ਜੀ ਦੇ ਸਾਥੀ ਸਿੰਘ ਸ਼ਹੀਦੀਆਂ ਪਾਉਣ ਲਈ ਤਿਆਰ ਬਰ ਤਿਆਰ ਸਨ। ਵੈਰੀਆਂ ਨੂੰ ਸਫਲਤਾ ਪ੍ਰਾਪਤ ਨਹੀਂ ਹੋ ਰਹੀ ਸੀ।

ਵੈਰੀਆਂ ਵੱਲੋ ਖਾਧੀਆਂ ਝੂਠੀਆਂ ਸਹੁੰਆਂ ਵੀ ਕਿਸੇ ਕੰਮ ਨਾ ਆਈਆਂ। ਸਿੰਘਾਂ ਕੋਲ਼ ਰਸਦ ਪਾਣੀ ਖ਼ਤਮ ਹੋ ਚੁੱਕਾ ਸੀ। ਘੋੜੇ ਭੁੱਖੇ ਤਿਹਾਏ ਮਰ ਰਹੇ ਸਨ। ਮਾਝੇ ਦੇ 40 ਸਿੰਘ ਗੁਰੂ ਜੀ ਨੂੰ ਬੇਦਾਵਾ ਦੇ ਕੇ ਕਿਲ੍ਹਾ ਛੱਡ ਗਏ।

ਪੰਜ ਕੁ ਸੌ ਸਿੰਘਾਂ ਦੀ ਬੇਨਤੀ ’ਤੇ ਗੁਰੂ ਜੀ ਨੇ 20 ਅਤੇ 21 ਦਸੰਬਰ 1704 ਈ: ਦੀ ਵਿਚਕਾਰਲੀ ਰਾਤ ਨੂੰ ਅਨੰਦਪੁਰ ਸਾਹਿਬ ਸਦਾ ਲਈ ਛੱਡ ਦਿੱਤਾ। ਗੁਰੂ ਜੀ ਕੀਰਤਪੁਰ ਵੱਲ ਚੱਲ ਪਏ। ਝੂਠੀਆਂ ਕਸਮਾਂ ਖਾਣ ਵਾਲੇ ਰਾਜਿਆਂ ਨੇ ਰਾਤ ਸਮੇਂ ਗੁਰੂ ਜੀ ’ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਕਿਨਾਰੇ ਭਿਆਨਕ ਯੁੱਧ ਹੋਇਆ । ਸਰਸਾ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਮਾਤਾ ਗੁਜਰ ਕੌਰ ਛੋਟੇ ਸਾਹਿਬਜ਼ਾਦਿਆਂ ਸਮੇਤ ਗੰਗੂ ਦੇ ਪਿੰਡ ਵੱਲ ਚਲੇ ਗਏ । ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਨਾਲ਼ ਦਿੱਲੀ ਵੱਲ ਚੱਲ ਪਏ।

ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਅਤੇ 40 ਕੁ ਸਿੰਘਾਂ ਨਾਲ਼ ਚਮਕੌਰ ਚਲੇ ਗਏ। ਔਰੰਗਜ਼ੇਬ ਵੱਲੋ ਭੇਜੀ ਦਸ ਲੱਖ ਫੌਜ ਵੀ ਬਾਕੀ ਫੌਜਾਂ ਨਾਲ ਆ ਰਲੀ। ਚਮਕੌਰ ਸਾਹਿਬ ਵਿਖੇ ਭਿਆਨਕ ਯੁੱਧ ਹੋਇਆ। ਲੱਖਾਂ ਫੌਜਾਂ ਦਾ ਮੁਕਾਬਲਾ ਕਰਦਿਆਂ 22 ਦਸੰਬਰ 1704 ਈ: ਨੂੰ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਅਤੇ ਸਿੰਘ ਮੈਦਾਨ -ਏ-ਜੰਗ ਵਿੱਚ ਸ਼ਹੀਦੀਆਂ ਪਾ ਗਏ। ਰਾਤ ਪੈ ਗਈ। ਜੰਗ ਬੰਦ ਹੋ ਗਿਆ। ਗੜ੍ਹੀ ਵਿੱਚ ਬਚੇ ਪੰਜ ਸਿੰਘਾਂ ਨੇ ਰਾਤ ਸਮੇਂ ਗੁਰੂ ਜੀ ਨੂੰ ਗੜ੍ਹੀ ਛੱਡਣ ਦਾ ਹੁਕਮ ਸੁਣਾ ਦਿੱਤਾ। ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਗੁਰੂ ਜੀ ਗੜ੍ਹੀ ਛੱਡ ਗਏ । ਜੰਗਲ ਦੇ ਰਸਤੇ ਗੁਰੂ ਜੀ ਮਾਛੀਵਾੜੇ ਗਏ। ਭਾਈ ਦਇਆ ਸਿੰਘ ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਗੁਰੂ ਜੀ ਨੂੰ ਇੱਥੇ ਆ ਮਿਲੇ। ਇੱਥੋਂ ਦੇ ਦੋ ਪਠਾਣ ਭਰਾ ਗਨੀ ਖ਼ਾਂ ਅਤੇ ਨਬੀ ਖ਼ਾਂ ਨੇ ਵੀ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਇੱਥੋਂ ਗੁਰੂ ਜੀ ਲੰਮੇ ਜੱਟ-ਪੁਰੇ ਗਏ। ਇੱਥੋਂ ਦੇ ਚੌਧਰੀ ਰਾਇ ਕੱਲੇ ਦੇ ਚਰਵਾਹੇ ਨੂਰੇ ਨੇ ਸਰਹੰਦ ਤੋਂ ਗੁਰੂ ਦੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਦੀ ਖ਼ਬਰ ਲਿਆਂਦੀ ।

**ਦੀਨੇ ਨਿਵਾਸ ਅਤੇ ਜ਼ਫਰਨਾਮਾ ਲਿਖਣਾ**:- ਅਨੇਕਾਂ ਨਗਰਾਂ ’ਚੋਂ ਹੁੰਦਿਆਂ ਗੁਰੂ ਜੀ ਚੌਧਰੀ ਸਮੀਰ, ਲਖਵੀਰ, ਅਤੇ ਤਖ਼ਤ ਮੱਲ ਕੋਲ਼ ਦੀਨੇ ਪੁੱਜੇ । ਇੱਥੋਂ 1705 ਈ: ਵਿੱਚ ਗੁਰ ਜੀ ਨੇ ਫ਼ਾਰਸੀ ਭਾਸ਼ਾ ਵਿੱਚ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ। 112 ਸ਼ੇਅਰਾਂ ਦੀ ਇਸ ਰਚਨਾ ਵਿੱਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਲਾਅਨਤਾਂ ਪਾਈਆਂ।

ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੇ ਇਹ ਚਿੱਠੀ ਔਰੰਗਜ਼ੇਬ ਨੂੰ ਅਹਿਮਦ ਨਗਰ ਵਿਖੇ ਦਿੱਤੀ। ਸੱਚ ਪੜ੍ਹ ਕੇ ਔਰੰਗਜ਼ੇਬ ਨੂੰ ਝੋਰਾ ਲੱਗ ਗਿਆ। ਉਸਦੀ ਸਤਿਗੁਰਾਂ ਨੂੰ ਮਿਲਣ ਦੀ ਤਾਂਘ ਵੀ ਪੂਰੀ ਨਾ ਹੋਈ। ਗੁਰੂ ਜੀ ਦੇ ਪਰਿਵਾਰ ’ਤੇ ਕੀਤੇ ਜ਼ੁਲਮਾਂ ’ਤੇ ਪਛਤਾਉਂਦਿਆਂ 3 ਮਾਰਚ 1707 ਈਃ ਨੂੰ ਔਰੰਗਜ਼ੇਬ ਮਰ ਗਿਆ।

**ਮੁਕਤਸਰ ਦਾ ਜੰਗ** :- ਦੀਨੇ ਰਹਿੰਦਿਆਂ ਗੁਰੂ ਜੀ ਨੂੰ ਖ਼ਬਰ ਮਿਲ਼ੀ ਕਿ ਵਜ਼ੀਰ ਖ਼ਾਂ ਫੌਜਾਂ ਸਮੇਤ ਆਪ ਜੀ ਦਾ ਪਿੱਛਾ ਕਰਦਾ ਆ ਰਿਹਾ ਹੈ ਗੁਰੂ ਜੀ ਦੀਨੇ ਤੋਂ ਜਲਾਲ, ਭਗਤਾ ਆਦਿ ਪਿੰਡਾਂ ਵਿੱਚੋਂ ਹੁੰਦੇ ਹੋਏ ਕੋਟ ਕਪੂਰੇ ਚਲੇ ਗਏ। ਇੱਥੋਂ ਗੁਰੂ ਜੀ ਢਿੱਲਵਾਂ ਕਲਾਂ ਪੁੱਜੇ । ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੂੰ ਬੇਦਾਵਾ ਦੇਣ ਵਾਲੇ ਸਿੰਘ ਝਬਾਲ ਦੀ ਮਾਈ ਭਾਗੋ ਅਤੇ ਭਾਈ ਮਹਾਂ ਸਿੰਘ ਦੀ ਜਥੇਦਾਰੀ ਹੇਠ ਗੁਰੂ ਜੀ ਖਾਤਰ ਜਿੰਦਾਂ ਵਾਰਨ ਲਈ ਤੁਰੇ ਆ ਰਹੇ ਸਨ। ਗੁਰੂ ਜੀ ਰਾਮੇਆਣੇ ਤੋਂ ਖ਼ਿਦਰਾਣੇ ਵੱਲ ਚਲੇ ਗਏ। 8 ਮਈ 1705 ਈਃ ਨੂੰ ਸਿੰਘਾ ਅਤੇ ਸਰਹੰਦ ਦੇ ਸੂਬੇ ਦੀਆਂ ਫੌਜਾਂ ਵਿੱਚ ਖ਼ਿਦਰਾਣੇ ਦੇ ਸਥਾਨ ’ਤੇ ਭਿਆਨਕ ਜੰਗ ਹੋਇਆ । ਸੂਬੇ ਦੇ ਇਸ ਹਮਲੇ ਨੂੰ ਪਛਾੜਦਿਆਂ ਬੇਦਾਵਾ ਦੇਣ ਵਾਲ਼ੇ ਸਿੰਘਾਂ ਨੇ ਸ਼ਹੀਦੀਆਂ ਪਾ ਲਈਆਂ। ਮਾਈ ਭਾਗੋ ਦੇ ਸਰੀਰ ’ਤੇ ਵੀ ਜਖ਼ਮ ਹੋਏ। ਸੂਬੇ ਦੀਆਂ ਪਿਆਸੀਆਂ ਫੌਜਾਂ ਵਾਪਸ ਮੁੜ ਗਈਆਂ। ਜਖ਼ਮੀ ਭਾਈ ਮਹਾਂ ਸਿੰਘ ਅੱਗੇ ਗੁਰੂ ਜੀ ਨੇ ਬੇਦਾਵਾ ਪਾੜ ਕੇ ਸਿੰਘਾਂ ਨੂੰ ਮੁਕਤੀ ਬਖ਼ਸੀ। ਇਨ੍ਹਾਂ ਨੂੰ ਮੁਕਤੇ ਕਿਹਾ ਜਾਂਦਾ ਹੈ। ਇੱਥੇ ਗੁਰਦੁਆਰਾ ਟੁੱਟੀ ਗੰਢੀ ਮੌਜੂਦ ਹੈ। ਖ਼ਿਦਰਾਣੇ ਦਾ ਨਾਂ ਵੀ ਮੁਕਤਸਰ ਪੈ ਗਿਆ। ਇੱਥੋਂ ਗੁਰੂ ਜੀ ਮਾਲਵੇ ਦਾ ਦੌਰਾ ਕਰਦੇ ਲੱਖੀ ਜੰਗਲ਼ ਵੱਲ ਚਲੇ ਗਏ। ਮਾਲਵੇ ਦੇ ਬਹੁਤ ਸਾਰੇ ਬਰਾੜ ਵੀ ਗੁਰੂ ਜੀ ਦੀ ਫੌਜ ਵਿੱਚ ਭਰਤੀ ਹੋ ਗਏ।

**ਗੁਰੂ ਜੀ ਦਾ ਤਲਵੰਡੀ ਸਾਬੋ ਜਾਣਾ**:- ਜੰਗਾ ਯੁੱਧਾਂ ਉਪਰੰਤ ਗੁਰੂ ਜੀ ਨੇ ਤਲਵੰਡੀ ਸਾਬੋ ਵਿਖੇ ਕਮਰਕਸਾ ਖੋਲ੍ਹਿਆ ਅਤੇ ਦਮ ਲਿਆ। ਇਸ ਕਰਕੇ ਇਸ ਸਥਾਨ ਦਾ ਨਾਂ ਦਮਦਮਾ ਸਾਹਿਬ ਹੈ। ਗੁਰੂ ਜੀ ਇੱਥੇ ਲਗਭਗ ਨੌਂ ਮਹੀਨੇ ਰਹੇ । ਇੱਥੇ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਜ਼ੁਬਾਨੀ ਉਚਾਰੀ ਅਤੇ ਭਾਈ ਮਨੀ ਸਿੰਘ ਜੀ ਨੇ ਇਸਨੂੰ ਲਿਖਿਆ। 1705 ਈਃ ਵਿੱਚ ਦਮਦਮੀ ਬੀੜ ਤਿਆਰ ਹੋਈ। ਇੱਥੇ ਗੁਰੂ ਜੀ ਨੇ 50 ਸਿੰਘਾਂ ਨੂੰ ਗੁਰਬਾਣੀ ਦੇ ਅਰਥ-ਬੋਧ ਕਰਾਏ। ਤਲਵੰਡੀ ਸਾਬੋ ਦੇ ਡੱਲੇ ਚੌਧਰੀ ਨੇ ਗੁਰੂ ਜੀ ਦੀ ਅਥੱਕ ਸੇਵਾ ਦੀਤੀ। ਇੱਥੇ ਹੀ ਬਾਬਾ ਬੀਰ

ਸਿੰਘ ਅਤੇ ਬਾਬਾ ਧੀਰ ਸਿੰਘ ਉੱਪਰ ਬੰਦੂਕ ਦਾ ਨਿਸ਼ਾਨਾ ਪਰਖ ਕੇ ਗੁਰੂ ਜੀ ਨੇ ਭਾਈ ਡੱਲੇ ਦਾ ਮਾਣ ਤੋੜਿਆ ਸੀ। ਅੰਮ੍ਰਿਤ ਛਕ ਕੇ ਡੱਲਾ ਭਾਈ ਡੱਲ ਸਿੰਘ ਅਖਵਾਇਆ। ਇਨ੍ਹੀਂ ਦਿਨੀਂ ਹੀ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਇੱਥੇ ਆ ਪੁੱਜੇ।

**ਰਾਜਪੂਤਾਨੇ ਵੱਲ ਜਾਣਾ**:- 1706 ਈ: ਵਿੱਚ ਗੁਰੂ ਜੀ ਰਾਜਪੂਤਾਨੇ ਵੱਲ ਚੱਲ ਪਏ। ਪਰਿਵਾਰ ਨੂੰ ਦਿੱਲੀ ਭੇਜ ਦਿੱਤਾ। ਦਾਦੂ ਦੁਆਰੇ ਹੁੰਦੇ ਗੁਰੂ ਜੀ ਬਘੌਰ ਸ਼ਹਿਰ ਚਲੇ ਗਏ। ਇਸ ਸ਼ਹਿਰ 'ਚ ਗੁਰੂ ਜੀ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ। ਔਰੰਗਜ਼ੇਬ ਦੇ ਪੁੱਤਰਾਂ ਬਹਾਦਰ ਸ਼ਾਹ ਅਤੇ ਆਜ਼ਮ ਵਿੱਚ ਰਾਜਗੱਦੀ ਲਈ ਜੰਗ ਚੱਲ ਪਿਆ। ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਰਾਹੀਂ ਗੁਰੂ ਜੀ ਪਾਸੋਂ ਅਸ਼ੀਰਵਾਦ ਅਤੇ ਸਹਾਇਤਾ ਮੰਗੀ। ਜਾਜੂ ਦੇ ਮੁਕਾਮ 'ਤੇ ਜੰਗ 'ਚ ਆਜ਼ਮ ਮਾਰਿਆ ਗਿਆ। ਗੁਰੂ ਜੀ ਦੀ ਸਹਾਇਤਾ ਨਾਲ ਬਹਾਦਰ ਸ਼ਾਹ ਦਿੱਲੀ ਦਾ ਬਾਦਸ਼ਾਹ ਬਣਿਆ। ਜੁਲਾਈ 1707 ਈ: ਵਿੱਚ ਬਹਾਦਰ ਸ਼ਾਹ ਗੁਰੂ ਜੀ ਨੂੰ ਆਗਰੇ ਮਿਲਿਆ।

**ਗੁਰੂ ਜੀ ਦਾ ਦੱਖਣ ਵੱਲ ਜਾਣਾ**:- ਇੱਥੋਂ ਗੁਰੂ ਜੀ ਦੱਖਣ ਵੱਲ ਚਲੇ ਗਏ। ਬਹਾਦਰ ਸ਼ਾਹ ਵੀ ਗੁਰੂ ਜੀ ਦੇ ਨਾਲ ਜਾ ਰਿਹਾ ਸੀ। ਸਤੰਬਰ 1708 ਈ: ਵਿੱਚ ਗੁਰੂ ਜੀ ਬਹਾਦਰ ਸ਼ਾਹ ਨਾਲੋਂ ਵੱਖ ਹੋ ਕੇ ਨੰਦੇੜ ਪੁੱਜੇ। ਇੱਥੇ ਗੁਰੂ ਜੀ ਦਾ ਮਿਲਾਪ ਮਾਧੋ ਦਾਸ ਬੈਰਾਗੀ ਨਾਲ ਹੋਇਆ। ਮਾਧੋ ਦਾਸ ਅੰਮ੍ਰਿਤ ਛੱਕ ਕੇ ਬਾਬਾ ਬੰਦਾ ਸਿੰਘ ਬਹਾਦਰ ਕਹਿਲਾਇਆ। ਗੁਰੂ ਜੀ ਨੇ ਉਸਨੂੰ ਥਾਪੜਾ, ਸ਼ਸਤਰ ਅਤੇ ਕੁੱਝ ਸਿੰਘ ਦੇ ਕੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਦੀ ਧਰਤੀ ਵੱਲ ਤੋਰਿਆ।

**ਜੋਤੀ ਜੋਤ ਸਮਾਉਣਾ**:-ਵਜ਼ੀਰ ਖਾਂ ਸੂਬਾ ਸਰਹੰਦ ਵੱਲੋ ਨੰਦੇੜ ਭੇਜੇ ਦੋ ਪਠਾਣਾਂ ਨੇ ਰਹਰਾਸਿ ਦੇ ਪਾਠ ਮਗਰੋਂ ਤੰਬੂ 'ਚ ਆਰਾਮ ਕਰਦੇ ਗੁਰੂ ਜੀ 'ਤੇ ਕਟਾਰ ਦਾ ਵਾਰ ਕਰ ਦਿੱਤਾ। ਗੁਰੂ ਜੀ ਅਤੇ ਸਿੰਘਾਂ ਨੇ ਪਠਾਣਾਂ ਨੂੰ ਮਾਰ ਮੁਕਾਇਆ। ਕੁੱਝ ਦਿਨਾਂ ਬਾਅਦ ਗੁਰੂ ਜੀ ਦੁਆਰਾ ਸ਼ਖਤ ਕਮਾਨ ਨੂੰ ਚਿੱਲਾ ਚੜ੍ਹਾਉਣ ਸਮੇਂ ਜ਼ਖਮ ਫਿਰ ਖੁੱਲ੍ਹ ਗਿਆ। ਆਪ ਨੇ ਪ੍ਰਤੀਤ ਕੀਤਾ ਕਿ ਸਾਡਾ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਇਸ ਕਰਕੇ ਆਪ ਜੀ ਨੇ 5 ਅਕਤੂਬਰ 1708 ਈ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਦਿੱਤੀ। 7 ਅਕਤੂਬਰ ਈ: ਨੂੰ ਆਪ ਜੋਤੀ ਸਮਾ ਗਏ। ਉਸ ਥਾਂ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਗੁਰਦੁਆਰਾ ਹੈ, ਜੋ ਕਿ ਸਿੱਖ ਪੰਥ ਦਾ ਚੌਥਾ ਤਖ਼ਤ

ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਾਣੀ ਦਸਮ ਗ੍ਰੰਥ ਵਿੱਚ ਦਰਜ ਹੈ। ਦਸਮ ਗ੍ਰੰਥ ਦੇ 1428 ਅੰਗ ਹਨ।

❖❖❖❖❖❖

**ਕੁੱਝ ਪ੍ਰਸ਼ਨ :–**

**ਪ੍ਰਸ਼ਨ 1.** ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

**ਉੱਤਰ :** 22 ਦਸੰਬਰ 1666 ਈ: ਨੂੰ ਪਟਨਾ ਵਿਖੇ।

**ਪ੍ਰਸ਼ਨ 2.** ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਗੁਰੂ ਤੇਗ ਬਹਾਦਰ ਜੀ ਕਿੱਥੇ ਸਨ?

**ਉੱਤਰ :** ਢਾਕੇ (ਬੰਗਾਲ) ਵਿਖੇ।

**ਪ੍ਰਸ਼ਨ 3.** ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਦਾ ਨਾਂ ਕੀ ਸੀ?

**ਉੱਤਰ :** ਗੋਬਿੰਦ ਰਾਏ ਜੀ।

**ਪ੍ਰਸ਼ਨ 4.** ਸਯਦ ਭੀਖਣ ਸ਼ਾਹ ਕਿੱਥੋਂ ਦਾ ਰਹਿਣ ਵਾਲ਼ਾ ਸੀ?

**ਉੱਤਰ:** ਪਿੰਡ ਠਸਕਾ ਜ਼ਿਲ੍ਹਾ ਕਰਨਾਲ ਦਾ।

**ਪ੍ਰਸ਼ਨ 5.** ਪਟਨੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸ਼ਰਧਾਲੂ ਕਿਹੜੇ ਸਨ?

**ਉੱਤਰ :** ਪੰਡਤ ਸ਼ਿਵਦੱਤ, ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼, ਰਾਜਾ ਫਤਿਹ ਚੰਦ ਅਤੇ ਉਸਦੀ ਰਾਣੀ।

**ਪ੍ਰਸ਼ਨ 6.** ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ ਕੌਣ ਸਨ?

**ਉੱਤਰ :** ਕਿਰਪਾਲ ਚੰਦ ਸੀ।

